ਸੱਥ

## ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ

# ਗੁਰੂ ਆਸਰੇ ਇਕ ਆਸ ਉਮੀਦ ਅਤੇ ਗੁਰਸਿਖ ਖਾਲਸਾ ਪੰਥ ਦੀ ਜ਼ਿਮੇਵਾਰੀ

ਗੁਰੂ ਰੂਪ ਪਿਆਰੇ ਗੁਰਸਿਖ ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥

ਅੱਜ ਤੋਂ ਤਕਰੀਬਨ ਪੰਜ ਸਾਲ ਪਹਿਲੇ ਇੰਗਲੈਂਡ ਤੋਂ ਛਪਦੇ ਇਕ ਹਫਤਾਵਾਰੀ ਅਖਬਾਰ 'ਪੰਜਾਬ ਟਾਇਮਜ਼' 11-6- 2003 ਦੇ ਸਫਾ 37 ਉਤੇ ਜਰਮਨੀ ਦੇ ਇਕ ਵਿਅਕਤੀ ਜੁਗਿੰਦਰ ਸਿੰਘ ਭਾਟੀਆ ਦੀ ਇਕ ਪੂਰੇ ਹੀ ਸਫੇ ਦੀ ਲਿਖਤ ਪੜ੍ਹਨ ਨੂੰ ਮਿਲਦੀ ਹੈ ਜਿੰਨਾਂ ਵਲੋਂ ਚੰਦ ਦੀ ਸੈਰ ਲਈ ਆਪਣੀ ਟਿਕਟ ਬੁਕ ਕਰਵਾਈ ਹੋਈ ਹੈ ਜਿਸ ਦਾ ਸਰਲੇਖ ਇਹ ਸੀ:

**ਪੁਲਾੜ ਵਿਚ ਹੋਰ ਧਰਤੀਆਂ ਬਾਰੇ ਜਨਮ ਸਾਖੀ ਦਾ ਵਾਰਤਾ**

**ਭਾਈ ਮਰਦਾਨੇ ਦੀ ਬਾਬਾ ਨਾਨਕ ਨਾਲ ਚੰਦ ਉਤੇ ਜਾਣ ਸਮੇਂ ਦੀ ਯਾਤਰਾ**

ਜਿਸ ਦਿਨ ਅਸਾਂ ਵੱਲੋਂ ਇਸ ਖਬਰ ਨੂੰ ਪੜ੍ਹਿਆ ਸੀ ਉਸੇ ਦਿਨ ਹੀ ਇਹ ਉਦਮ ਜਿਵੇਂ ਸਾਡੇ ਲਈ ਆਪਣੇ ਕਰਤਾ ਪੁਰਖ ਦਾ ਹੁਕਮ ਅਤੇ ਰਜਾ ਹੋ ਗਿਆ ਹੋਵੇ ਕਿ ਇਸ ਲਿਖਤ ਦੇ ਲੇਖਕ ਜਰਮਨੀ ਵਿਚ ਰਹਿੰਦੇ ਭਾਈ ਜੁਗਿੰਦਰ ਸਿੰਘ ਨਾਲ ਸੰਪਰਕ ਕਰਕੇ, ਉਨਾਂ ਤੋਂ ਇਹ ਜਾਣਿਆਂ ਜਾਵੇ ਕਿ ਉਨਾਂ ਦੀ ਲਿਖਤ ਵਿਚ ਆਏ ਹਵਾਲਿਆਂ ਦਾ ਅਸਲ ਸੋਮਾਂ ਕਿਸ ਜਨਮ ਸਾਖੀ ਵਿਚ ਦਰਜ ਹੈ? ਕਿਉਂਕਿ ਹੁਣ ਤੱਕ ਇਕ ਨਹੀਂ ਸਗੋਂ ਇਕ ਤੋਂ ਅਨੇਕ ਜਨਮ ਸਾਖੀਆਂ ਹੋਈਆਂ ਪਈਆਂ ਹਨ। ਇਸ ਲਈ ਲੇਖਿਕ ਵੱਲੋਂ ਦੱਸੀ ਜਨਮ ਸਾਖੀ ਨੂੰ ਹਾਸਲ ਕੀਤਾ ਜਾਵੇ, ਉਸ ਨੂੰ ਖੋਜ ਪੜਤਾਲ ਲਈ ਪੜ੍ਹਿਆ ਜਾਵੇ ਅਤੇ ਲੇਖਿਕ ਵਲੋਂ ਦੱਸੇ ਵੇਰਵਿਆਂ ਦਾ ਅਸਲ ਲੱਭਕੇ ਇਸ ਦਾ ਅੰਗਰੇਜੀ ਅਤੇ ਜਰਮਨ ਭਸ਼ਾਵਾਂ ਵਿਚ ਅਨੁਵਾਦ ਕਰਵਾਇਆ ਜਾਵੇ ਤਾਂ ਕਿ ਭਵਿਖ ਵਿਚ ਗੁਰੂ ਵੱਲੋਂ ਬਣਾਏ ਕਿਸੇ ਸਬੱਬ ਸਮੇਂ, ਹੋਰ ਗੁਰਮਤਿ ਸੱਚ ਸਮਗਰੀ ਦੇ ਨਾਲ ਇਸ ਲਿਖਤ ਵਿਚਲਾ ਸੱਚ ਵੀ ਦਸਤਾਵੇਜ਼ ਸਬੂਤ ਵੱਜੋਂ ਸੰਸਾਰ ਨਾਲ ਸਾਂਝਾ ਕਰਨ ਲਈ ਤਿਆਰ ਪਿਆ ਹੋਵੇ। ਸੋ ਇਸ ਮੰਤਵ ਲਈ ਇਸ ਖਬਰ ਦੇ ਛਪ ਜਾਣ ਮਗਰੋਂ ਹੀ ਜਦੋਂ ਭਾਈ ਜੁਗਿੰਦਰ ਸਿੰਘ ਭਾਟੀਆ ਨਾਲ ਸੰਪਰਕ ਕੀਤਾ ਗਿਆ ਤਾਂ ਉਨਾਂ ਕਿਹਾ ਕਿ ਉਹ ਨਹੀਂ ਦੱਸ ਸਕਦੇ ਕਿ ਕਿਹੜੀ ਜਨਮ ਸਾਖੀ ਵਿਚੋਂ ਜਾਂ ਜਨਮ ਸਾਖੀਆਂ ਤੇ ਲਿਖ ਹੋਈਓ ਕਿਸੇ ਕਿਤਾਬ ਵਿਚੋਂ ਹਵਾਲੇ, ਉਨਾਂ ਆਪਣੀਂ ਲਿਖਤ ਵਿਚ ਦਰਜ ਕੀਤੇ ਨੇ। ਕਿਉਂਕਿ ਉਨਾਂ ਕੋਲੋਂ ਇਹ ਕੋਈ ਲੈ ਗਿਆ ਹੈ। ਹੁਣ ਜਿਹੜਾ ਲੈ ਗਿਆ ਦੱਸਿਆ ਗਿਆ, ਉਸ ਨਾਲ ਫਰਾਸ ਵਿਚ ਸੰਪਰਕ ਕੀਤਾ ਗਿਆ ਤਾਂ ਉਹ ਵੀ ਕੋਈ ਅੱਗੇ ਲੈ ਗਿਆ ਦੱਸਣ ਲੱਗ ਪਿਆ। ਇਨਾਂ ਦੋਹਾਂ ਵਿਚੋਂ ਇਕ ਵੀ ਨਾ ਦਸ ਸਕਿਆ ਕਿ ਉਹ ਕੋਈ ਜਨਮ ਸਾਖੀਆਂ ਤੇ ਲਿਖੀ ਕਿਸੇ ਪ੍ਰਾਣੀ ਦੀ ਕਿਤਾਬ ਸੀ ਜਾਂ ਸਿਧੀ ਜਨਮਸਾਖੀ ਪੁਸਤਕ ਸੀ?

ਭਾਵੇਂ ਲੇਖਿਕ ਜੁਗਿੰਦਰ ਸਿੰਘ ਭਾਟੀਆ ਅਤੇ ਉਸ ਦੇ ਅਗਲੇ ਬੰਦੇ ਵਲੋਂ ਮਿਲੇ ਜਬਾਬ ਆਸ ਦੇ ਉਲਟ ਬੜੇ ਨਿਰਾਸ਼ਾ ਭਰੇ ਸਨ ਪਰ ਗੁਰਮਤਿ ਤੇ ਲਿਖ ਹੋਏ ਸੱਚੇ ਸਾਹਿਤ ਦੀ ਤਲਾਸ਼ ਵਿਚ ਤੁਰਿਆਂ ਲਈ ਹੁਣ ਜਨਮਸਾਖੀ ਨੂੰ ਹਾਸਲ ਕਰਨਾਂ ਅਤੇ ਖੋਜ ਕਰਨੀ ਹੋਰ ਵੀ ਜਰੂਰੀ ਹੋ ਗਈ ਸੀ ਤਾਂ ਕਿ ਲਿਖਤ ਵਿਚ ਦਿੱਤੇ ਹਵਾਲਿਆਂ ਦੇ ਅਸਲ ਨੂੰ ਲੱਭਕੇ ਹੋਰ ਭਸ਼ਾਵਾਂ ਵਿਚ ਅਨੁਵਾਦ ਕਰਵਾਣ ਦੇ ਕਾਰਜ ਨੂੰ ਅੱਗੇ ਤੋਰਿਆ ਜਾ ਸਕੇ। ਪਰ ਸਾਡੇ ਲਈ ਇਹ ਫੈਸਲਾ ਕਰ ਸਕਣਾਂ ਔਖਾ ਸੀ ਕਿ ਅਣਗਿਣਤ ਚਲੀਆਂ ਆਉਂਦੀਆਂ ਜਨਮ ਸਾਖੀਆਂ ਵਿਚੋਂ ਕਿਹੜੀ ਇਕ ਨੂੰ ਖੋਜ ਲਈ ਚੁਣਿਆਂ ਜਾਵੇ ਜਿਸ ਵਿਚੋਂ ਭਾਟੀਏ ਵੱਲੋਂ ਆਪਣੀ ਲਿਖਤ ਵਿਚ ਦਿੱਤੇ ਹਵਾਲੇ ਹੋ ਸਕਦੇ ਨੇ?

ਹਾਂ ਇਹ ਸੱਚ ਹੈ ਕਿ ਸੱਚੇ ਦਿਲੋਂ ਉਦਮ ਕਰਦਿਆਂ ਆਪਣੇ ਸੇਵਕਾਂ ਸਿਖਾਂ ਲਈ ਅਜਿਹੀ ਸਥਿਤੀ ਵਿਚ ਗੁਰੂ ਆਪ ਹੀ ਅੱਗਿਓ ਆ, ਸਬੱਬ ਦੁਆਰਾ ਫੈਸਲਾ ਕਰਕੇ, ਉਨਾਂ ਨੂੰ ਅੱਗੇ ਤੁਰਨ ਦਾ ਇਸ਼ਾਰਾ ਪਰਦਾਨ ਕਰ ਦੇਂਦੇ ਨੇ। ਅਜੇ ਪੰਥ ਧ੍ਰੋਹੀਆਂ ਅਕ੍ਰਿਤਘਣਾਂ ਵੱਲੋਂ ਵਿਗਾੜੀਆਂ ਅਤੇ ਵਿਗਾੜ ਤੋਂ ਬਚੀਆਂ ਜਨਮ ਸਾਖੀਆਂ ਵਾਰੇ ਜਾਣਕਾਰੀ ਇਕੱਠੀ ਕੀਤੀ ਜਾ ਹੀ ਰਹੀ ਸੀ ਕਿ ਜਰਮਨੀ ਤੋਂ ਇਸ ਪ੍ਰਾਣੀ ਦਾ ਇੰਗਲੈਂਡ ਆਪਣੇ ਅਤਿ ਨਜ਼ਦੀਕੀ ਰਿਸ਼ਤੇਦਾਰ ਦੇ ਘਰ, ਜਿਸ ਦਾ ਪਿਛੋਕੜ ਵੀ ਨਿਰਮਲੇ ਸੰਤਾਂ ਨਾਲ ਜੁੜਿਆ ਹੋਇਆ ਹੈ, ਆਉਣਾਂ ਬਣ ਗਿਆ। ਦਾਸ ਨੂੰ ਇਸ ਘਰੋਂ ਸਾਂਭੀ ਇਕ ਸਿਧੀ ਜਨਮ ਸਾਖੀ ਪੁਸਤਕ ਹਾਸਲ ਹੋ ਗਈ। ਵਕਤ ਆਉਣ ਤੇ ਸਾਡੇ ਵਿਚੋਂ ਇਸ ਪ੍ਰਾਣੀ ਵੱਲੋਂ ਸਬੱਬ ਪ੍ਰਾਪਤ ਹੋਈ ਇਸ ਜਨਮ ਸਾਖੀ ਨੂੰ ਖੋਜ ਵਜੋਂ ਪੜ੍ਹਨਾਂ ਆਪਣੇ ਜ਼ਿਮੇ ਲੈ ਲਿਆ ਗਿਆ।

ਇਕ ਦਿਨ ਦਾਸ ਵਲੋਂ ਦੂਜੇ ਸਾਥੀ ਵੀਰਾਂ ਨੂੰ ਸੂਚਤ ਕਰ ਦਿੱਤਾ ਗਿਆ ਕਿ ਉਹ ਅਸਲ ਤੇ ਲੱਭ ਗਿਆ ਹੈ ਜਿਥੇ ਧਰਤੀ ਤੋਂ ਚੰਦ ਦੀ ਦੂਰੀ ਦਾ ਜ਼ਿਕਰ ਜੋਜਨ + ਕੋਹ ਵਿਚ ਦਿੱਤਾ ਹੋਇਆ ਹੈ ਅਤੇ ਇਹ ਗਿਣਤੀ ਕਿਲੋਮੀਟਰਾਂ ਵਿਚ ਉਨੀ ਹੀ ਬਣਦੀ ਹੈ ਜਿਨੀਂ ਦੂਰੀ ਸੰਸਾਰ ਵਿਗਿਆਨੀਆਂ ਵੱਲੋਂ ਬੜੀ ਦੇਰ ਮਗਰੋਂ ਨੀਅਤ ਕੀਤੀ ਹੋਈ ਹੈ। ਪਰ ਅੱਗੇ ਜਨਮਸਾਖੀ ਭਾਈ ਬਾਲਾ ਧਰਤੀ ਤੋਂ ਸੂਰਜ ਦੀ ਦੂਰੀ =384 ਲੱਖ ਗੁਣਾਂ 2, ਲਿਖਦੀ ਹੈ। ਜੋ ਬਿਲਕੁਲ ਹੀ ਗਲਤ ਹੈ। ਜਦ ਕਿ ਭਾਈ ਜੋਗਿੰਦਰ ਸਿੰਘ ਭਾਟੀਆ ਵਿਗਿਆਨ ਦੁਆਰਾ ਨੀਅਤ ਕੀਤੀ ਇਸ ਦੂਰੀ ਦੇ 130 ਮਿਲੀਅਨ ਕਿਲੋਮੀਟਰ ਹੋਣ ਦੇ ਸੱਚ ਨੂੰ ਜਨਮ ਸਾਖੀ ਨਾਲ ਜੋੜਦਾ ਹੈ ਜੋ ਸਹੀ ਸਾਬਤ ਨਹੀਂ ਹੋਇਆ। ਤਕਰੀਬਨ ਦੋ ਸੌ ਸਫਾ ਜਨਮ ਸਾਖੀ ਦਾ ਪੜ੍ਹਨ ਮਗਰੋਂ ਦਾਸ ਵਲੋਂ ਦੂਜੇ ਸਾਥੀਆਂ ਨੂੰ ਦੱਸ ਦਿੱਤਾ ਗਿਆ ਕਿ ਹੁਣ ਤੱਕ ਜਿਸ ਇਕ ਲੈ ਅਤੇ ਤਾਲ ਵਿਚ ਜਨਮ ਸਾਖੀ ਵਿਚਲਾ ਬਖਿਆਨ ਹੋ ਰਿਹਾ ਪੜ੍ਹਿਆ ਹੈ ਉਸ ਦੇ ਅਧਾਰ ਤੇ ਜਾਪਦਾ ਹੈ ਕਿ ਕਰਤਾ ਪੁਰਖ ਨੇ ਆਪਾਂ ਨੂੰ ਉਹ ਜਨਮ ਸਾਖੀ ਬਖਸ਼ੀ ਹੈ ਜੋ ਅਕਿਰਤਘਣਾਂ ਦੇ ਘਿਣਾਉਣੇਂ ਹੱਥਾਂ ਦੁਆਰਾ ਵਿਗਾੜ ਤੋਂ ਬਚੀ ਹੋਈ ਹੈ ਅਤੇ ਜਿਸ ਵਿਚ ਸਤਿਗੁਰਾਂ ਪ੍ਰਤੀ ਪੰਥ ਦੋਖੀ ਨਿੰਦਕਾਂ ਵੱਲੋਂ ਅਪਮਾਨ ਦੇ ਅੱਖਰ ਦਰਜ ਕੀਤੇ ਹੋਣੇ ਅਸੰਭਵ ਜਾਪ ਰਿਹਾ ਹੈ। ਪਰ ਸਾਥੀ ਵੀਰਾਂ ਨੂੰ ਇਹ ਜਨਮ ਸਾਖੀ ਅਜੇ ਹੋਰ ਅੱਗੇ ਨਾ ਪੜ੍ਹ ਸਕਣ ਦਾ ਆਪਣਾਂ ਫੈਸਲਾ ਵੀ ਸੁਣਾ ਦਿੱਤਾ ਗਿਆ ਤੇ ਗੁਰੂਆਂ ਦੀ ਧਰਤ ਛਪਦੇ ਇਸ ਮਾਸਕ ਪੱਤਰ 'ਦੇਸ ਪੰਜਾਬ' ਵਿਚ ਇਸ ਜਨਮ ਸਾਖੀ ਬਾਲੇ ਦਾ ਵੇਰਵਾ ਦੇਕੇ ਇਹ ਬੇਨਤੀ ਕਰ ਦਿੱਤੀ ਕਿ ਜੇ ਕੋਈ ਗੁਰਸਿਖ ਜਨਮ ਸਾਖੀ ਵਾਰੇ ਅਜਿਹੀ ਜਾਣਕਾਰੀ ਮੁਹਈਆ ਕਰ ਸਕੇ ਜਿਸ ਨਾਲ ਇਸ ਨੂੰ ਪੜ੍ਹਦਿਆਂ ਸਮਝਣ ਵਿਚ ਸੌਖ ਹੋ ਸਕੇ ਤਾਂ ਜਰੂਰ ਸੂਚਿਤ ਕਰੇ।

ਇਹ ਫਰਿਆਦ ਬੇਨਤੀ ਨੂੰ ਜਦੋਂ ਗੁਰਮਤਿ ਤੇ ਖੋਜ ਕੇਂਦਰ 'ਪ੍ਰੋ ਸਾਹਿਬ ਸਿੰਘ ਗਰਮਤਿ ਟਰੱਸਟ ਪਟਿਆਲਾ' ਦੇ ਜਿਮੇਵਾਰ ਖੋਜੀ ਗੁਰਸਿਖ ਵੀਰਾਂ ਭਾਈ ਗੁਰਮੇਲ ਸਿੰਘ, ਭਾਈ ਮੁਹੱਬਤ ਸਿੰਘ ਜੀ ਪੜ੍ਹਿਆ ਤਾਂ ਉਨਾਂ ਵੱਲੋਂ 'ਦੇਸ ਪੰਜਾਬ' ਵਿਚ ਹੀ ਇਕ ਤੇ ਹੁਣ ਤੱਕ ਦੇ ਛਪੇ ਅਤੇ ਅਣਛਪੇ ਸਿਖ ਸਾਹਿਤ ਉਤੇ ਹੋਈ ਖੋਜ ਦੇ ਅਧਾਰ ਤੇ ਤਿਆਰ ਕੀਤੀ ਹੋਈ ਸੂਚੀ ਨੂੰ ਨਸ਼ਰ ਕੀਤਾ ਅਤੇ ਨਾਲ ਹੀ ਇਹ ਵੀ ਜਾਣਕਾਰੀ ਲਿਖੀ ਕਿ ਭਾਈ ਗੁਰਮੇਲ ਸਿੰਘ ਜੀ ਵੱਲੋਂ ਵੱਡੀ ਖੋਜ ਘਾਲਣਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਪਰਪਿਤ, ਲਿਖਿਆ 'ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਹਾਸਿਕ ਸੰਕੇਤਾਂ ਦਾ ਕੋਸ਼' ਜਾਰੀ ਕੀਤਾ ਜਾ ਚੁੱਕਾ ਹੈ। ਇਨਾਂ ਨੇਕ, ਆਓ ਭਗਤ ਤੇ ਸੇਵਾ ਸੁਭਾਅ ਗੁਰਸਿਖਾਂ ਨਾਲ ਸੰਪਰਕ ਕੀਤਾ ਗਿਆ ਅਤੇ ਇਸ ਕੋਸ਼ ਦੀਆਂ ਦੋ ਕਾਪੀਆਂ ਅਤੇ ਕੁਝ ਹੋਰ ਗੁਰਮਤਿ ਸਾਹਿਤ ਹਾਸਲ ਕੀਤਾ ਗਿਆ।

ਇਸ ਮਗਰੋਂ ਇਕ ਦਿਨ ਜਦੋਂ ਵਤਨੋਂ ਇਕ ਵੀਰ ਦੇ ਨਜ਼ਦੀਕੀ ਰਿਸ਼ਤੇਦਾਰ ਗਰਸਿਖ ਬੀਬੀ ਦੇ ਇਥੇ ਮਿਲਨ ਆਉਣ ਦਾ ਪੱਕਾ ਪ੍ਰਬੰਧ ਹੁੰਦਾ ਹੈ ਤਾਂ ਉਨਾਂ ਨੂੰ ਸਾਡੇ ਕੋਲ ਪਈ ਜਨਮ ਸਾਖੀ ਦਾ ਵੇਰਵਾ ਦੇਕੇ, ਇਸ ਨੂੰ ਨਾਲ ਲੈ ਆਉਣ ਦੀ ਬੇਨਤੀ ਕਰ ਦਿੱਤੀ ਗਈ। ਹੁਣ ਫ਼ੈਸਲਾ ਇਹ ਹੋਇਆ ਕਿ ਇਸ ਜਨਮਸਾਖੀ ਨੂੰ ਦੂਜਾ ਸਾਥੀ ਵੀਰ ਅੰਤ ਤੱਕ ਪੂਰਾ ਪੜ੍ਹੇ ਅਤੇ ਇਹ ਲੱਭੇ ਕਿ ਕੀ ਜੁਗਿੰਦਰ ਸਿੰਘ ਭਾਟੀਆ ਦੀ ਲਿਖਤ ਵਿਚ ਦਰਜ: ਧਰਤੀ ਤੋਂ ਸੂਰਜ ਦੀ ਦੂਰੀ 135 ਮਿਲੀਅਨ, ਇਸ ਦਾ ਘੇਰਾ 130 ਮਿਲੀਅਨ, ਇਸ ਦੇ ਚੱਲਣ ਦੀ ਰਫਤਾਰ ਚਾਰ ਲੱਖ ਪ੍ਰਤੀ ਘਿੰਟਾ, ਸੂਰਜ ਨੂੰ ਬਣਿਆਂ 1200 ਕਰੋੜ ਸਾਲ ਹੋਣੇ, ਇਸ ਦੀ ਬਾਕੀ ਉਮਰ 600 ਕਰੋੜ ਹੋਣੀ ਤੇ ਇਸ ਨੇ ਵਧੀ ਗਰਮੀ ਨਾਲ ਫਟਣਾਂ, ਅਕਾਸ਼ ਵਿਚ ਕਾਲੇ ਰੰਗ ਦੀ ਸੁਰੰਗ (Black Hole ), ਇਸ ਨੂੰ ਪਾਰ ਕਰਨ ਵਾਸਤੇ ਦੋ ਲੱਖ ਪ੍ਰਤੀ ਘਿੰਟੇ ਦੀ ਲੋੜੀਂਦੀ ਰਫਤਾਰ ਹੋਣੀ, ਹੋਰ ਗ੍ਰੈਹਾਂ ਤੇ ਬਹੁਤ ਛੋਟੇ ਕੱਦ ਇਨਸਾਨਾਂ ਦੀ ਵਸੋਂ ਹੋਣੀ, 1800 ਕਰੋੜ ਸਾਲ ਪਹਿਲੋਂ ਰੱਬ ਜਾਂ ਕਿਸੇ ਵੱਡੀ ਤਾਕਤ ਵੱਲੋਂ ਕੀਤਾ ਗਿਆ ਧਮਾਕਾ ਹੋਣਾਂ, ਸੂਰਜ ਦੀ ਸ਼ਕਲ ਬਣਨ ਵਿਚ 600 ਕਰੋੜ ਸਾਲ ਦਾ ਸਮਾਂ ਲੱਗਣਾਂ, ਵਾਰੇ ਸਰੋਤ ਸਬੂਤ ਜਨਮਸਾਖੀ ਵਿਚ ਕਿਤੇ ਹਨ ਜਾਂ ਨਹੀਂ? ਜੇ ਦਰਜ ਹਨ ਤਾਂ ਕਿੰਨਾਂ ਕਿੰਨਾਂ ਪੰਨਿਆਂ ਉਤੇ? ਨਾਲ ਹੀ ਇਹ ਵੀਰ ਉਸ ਥਾਂ ਨੂੰ ਵੀ ਨੋਟ ਕਰੇ ਜਿਥੇ ਕੁਝ ਗਰਮਤਿ ਦੇ ਉਲਟ ਉਭਰਦਾ ਨਜ਼ਰ ਆਇਆ ਹੋਵੇ ਜਾਂ ਜਿਥੋਂ ਕੋਈ ਸਮਝ ਨਾ ਪਈ ਹੋਵੇ। ਇਸ ਕਾਰਜ ਦੀ ਸਮਾਪਤੀ ਉਤੇ ਸਾਡੇ ਵੱਲੋਂ ਇਕੱਠਿਆਂ ਹੋਕੇ ਵਿਚਾਰ ਕਰਨ ਦਾ ਫੈਸਲਾ ਲੈ ਲਿਆ ਗਿਆ ਅਤੇ ਦਾਸ ਵੱਲੋਂ ਕੋਲ ਪਿਆ 'ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਵਿਚਲੇ ਇਤਿਹਾਸਿਕ ਅਤੇ ਮਿਥਿਆਸਿਕ ਸੰਕੇਤਾਂ ਦਾ ਕੋਸ਼' ਵੀ ਜਨਮਸਾਖੀ ਨੂੰ ਪੜ੍ਹਨ ਵਾਲੇ ਵੀਰ ਦੇ ਹਵਾਲੇ ਕਰ ਦਿੱਤਾ ਗਿਆ। ਇਸ ਕਾਰਜ ਦੀ ਸਮਾਪਤੀ ਤੇ ਭਾਈ ਜੁਗਿੰਦਰ ਸਿੰਘ ਨੂੰ ਸੂਚਤ ਕਰ ਦਿੱਤਾ ਕਿ ਉਨਾਂ ਦੀ ਲਿਖਤ ਵਿਚ ਧਰਤੀ ਤੋਂ ਚੰਦ ਤੱਕ ਦੀ ਦੂਰੀ ਦੇ ਦਰਜ ਸੱਚ ਤੋਂ ਸਿਵਾ ਬਾਕੀ ਹੋਰ ਸਾਰੀ ਜਾਣਕਾਰੀ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਕਿਤੇ ਵੀ ਦਰਜ ਨਹੀਂ ਹੈ। ਉਨਾਂ ਨੂੰ ਇਹ ਬੇਨਤੀ ਮੁੜ ਦੁਹਰਾਈ ਕਿ ਸ਼ਾਇਦ ਉਨਾਂ ਨੂੰ ਜਾਂ ਉਨਾਂ ਦੇ ਸਾਥੀ ਨੂੰ ਕੁਝ ਯਾਦ ਆ ਗਿਆ ਹੋਵੇ ਤੇ ਸਾਨੂੰ ਦਸ

ਸਕਦੇ ਹੋਣ ਕਿ ਉਨਾਂ ਆਪਣੀ ਲਿਖਤ ਵਿਚ ਅਤਿ ਬਾਹਬਰ ਕੇ ਦਿੱਤਾ ਵੇਰਵਾ, ਕਿਸ ਜਨਮ ਸਾਖੀ ਜਾਂ ਜਨਮ ਸਾਖੀਆਂ ਤੇ ਲਿਖੀ ਕਿਸ ਕਿਤਾਬ ਵਿਚੋਂ ਲਿਆ ਗਿਆ ਹੈ? ਪਰ ਉਨਾਂ ਵਲੋਂ ਕਿਸੇ ਤੀਲੇ ਤੱਕ ਦਾ ਸਹਾਰਾ-ਉਤਰ ਨਾ ਮਿਲ ਸਕਿਆ ਜਿਸ ਆਸਰੇ ਅਸਾਂ ਉਨਾਂ ਦੀ ਲਿਖਤ ਦੇ ਅਸਲ ਸਰੋਤਾਂ ਤੱਕ ਪਹੁੰਚ ਸਕਦੇ। ਹਾਂ ਹੁਣ ਤੱਕ ਗੁਰੂ ਆਸਰੇ ਇਨਾਂ ਜਾਣ ਚੁੱਕੇ ਸਾਂ ਕਿ ਫਰਾਂਸ ਵਿਚ ਵਸਦੇ ਇਕ ਗਰੀਬ ਪਰ ਉਦਮੀ ਸਿੰਘ ਵੱਲੋਂ ਜਨਮਸਾਖੀ ਦੇ ਵੇਰਵੇ ਨਾਲ ਅੰਗਰੇਜੀ ਵਿਚ ਇਕ ਕਿਤਾਬ ਪ੍ਰਕਾਸ਼ਤ ਕੀਤੀ ਹੋਈ ਹੈ ਜਿਸ ਵਿਚ ਗੁਰੂ ਸਾਹਿਬ ਜੀ ਦੇ ਚੰਦ ਤੇ ਜਾਣ ਦੇ ਅਤੇ ਧਰਤੀ ਤੋਂ ਚੰਦ ਤੱਕ ਦੀ ਦੂਰੀ ਦੇ ਸੱਚ ਨੂੰ ਇਕ ਖੋਜ ਨਤੀਜੇ ਵਜੋਂ ਦਰਜ ਕੀਤਾ ਹੋਇਆ ਹੈ। ਇਸ ਲੇਖਿਕ ਭਾਈ ਮਨਜੀਤ ਸਿੰਘ ਨਾਲ ਕਿਤਾਬ ਲੈਣ ਲਈ ਸੰਪਰਕ ਕੀਤਾ ਗਿਆ। ਉਨਾਂ ਕੋਲ ਕੋਈ ਕਾਪੀ ਨਾਂ ਹੋਣ ਕਰਕੇ ਇਕ ਅਤਿ  ਉਦਮੀ ਸੰਘਰਸ਼ਸ਼ੀਲ ਅਤੇ ਪੰਥ ਲਈ ਅਡੋਲ ਬਰਜੁਗ ਜੀ ਵਲੋਂ ਪੈਰਿਸ ਦੀ ਇਕ ਲਾਇਬਰੇਰੀ ਵਿਚੋਂ ਇਹ ਕਿਤਾਬ ਲੈਕੇ, ਉਸ ਵਿਚੋਂ ਕੁਝ ਜਰੂਰੀ ਪੰਨਿਆਂ ਦੀਆਂ ਫੋਟੋ ਕਾਪੀਆਂ ਕਰਕੇ, ਸਾਨੂੰ ਭੇਜ ਦਿੱਤੀਆਂ ਗਈਆਂ। ਧੰਨਵਾਦ ਹੈ ਉਨਾਂ ਉਦਮੀ ਸਿੰਘਾਂ ਦਾ ਜਿਨਾਂ ਵੱਲੋਂ ਆਪਣੇ ਦਸਵੰਧ ਦੇ ਕੁਝ ਹਿਸੇ ਨਾਲ ਇਸ ਕਿਤਾਬ ਨੂੰ ਲੇਖਿਕ ਨਾਲ ਮਿਲਕੇ ਛਪਵਾਣ ਦਾ ਉਪਰਾਲਾ ਕੀਤਾ ਗਿਆ ਹੈ।

ਸੰਨ 2006 ਦੇ ਅੰਤ ਤੇ ਕੁਝ ਸੰਸਾਰ ਪ੍ਰਾਣੀਆਂ ਵਲੋਂ ਇਹ ਲਿਖਤੀ ਬਾਣ ਛੱਡ ਦਿੱਤੇ ਗਏ ਕਿ ਨਾ ਤੇ ਕੋਈ ਰੱਬ ਹੈ ਅਤੇ ਨਾ ਹੀ ਰੱਬ ਉਤੇ ਕੋਈ ਸੱਚਾ ਧਾਰਮਕ ਫਲਾਸਫਾ ਹੀ ਇਸ ਸੰਸਾਰ ਤੇ ਮਜੂਦ ਹੈ। ਨਾਲ ਹੀ ਗੁਰੂਆਂ ਦੀ ਧਰਤ ਤੋਂ ਇਕ ਲੇਖਿਕ ਬਿਨਾਂ ਖੋਜ ਕੀਤੇ, ਜਨਮਸਾਖੀ ਬਾਲੇ ਦੀ ਮੁੱਖ ਸਫਾ ਤਸਵੀਰ ਵਿਚ, ਕਾਇਰੋ ਦੀਆਂ ਜਾਦੂਗਰਨੀਆਂ ਵਲੋਂ ਮਰਦਾਨੇ ਨੂੰ ਭੈਡੂ ਬਣਾਇਆ ਵਖਕੇ ਹੀ ਇਸ ਸਾਰੀ ਨੂੰ ਰੱਦ ਕਰਕੇ, ਇਸ ਨੂੰ ਬਿਪਰਨ ਦੀ ਲਿਖਤ ਐਲਾਨਦਾ ਹੈ।

ਹੁਣ ਗੁਰੂ ਰਜਾ, ਦਾਸ ਵਲੋਂ ਮੁੜ ਸਾਰੀ ਜਨਮ ਸਾਖੀ ਨੂੰ ਖੋਜ ਲਈ ਪੜ੍ਹਨਾਂ ਸ਼ਰੂ ਕਰ ਦਿੱਤਾ ਅਤੇ ਮੁਕੰਮਲ ਹੋਣ ਤੇ ਅੰਤਲੀ ਵਾਰ ਭਾਈ ਜੁਗਿੰਦਰ ਸਿੰਘ ਭਾਟੀਏ ਨੂੰ ਸੂਚਿਤ ਕਰ ਦਿਤਾ ਗਿਆ ਕਿ ਉਨਾਂ ਦੀ ਲਿਖਤ ਵਿਚ ਧਰਤੀ ਤੋਂ ਚੰਦ ਤੱਕ ਦੀ ਦੂਰੀ ਦੇ ਦਰਜ ਸੱਚ ਤੋਂ ਸਿਵਾ ਬਾਕੀ ਹੋਰ ਸਾਰੀ ਜਾਣਕਾਰੀ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਕਿਤੇ ਵੀ ਦਰਜ ਨਹੀਂ ਹੈ ਅਤੇ ਸ਼ਾਇਦ ਉਨਾਂ ਨੇ ਜੂਨ 2003 ਵਿਚ ਨਸ਼ਰ ਕੀਤੀ ਆਪਣੀ ਲਿਖਤ ਵਿਚਲੇ ਬਿਖਿਆਨ ਦੇ ਅਸਲ ਸਰੋਤਾਂ ਵਾਲੀ ਜਨਮ ਸਾਖੀ ਜਾਂ ਜਨਮ ਸਾਖੀਆਂ ਦੇ ਹਵਾਲੇ ਨਾਲ ਕਿਤਾਬ ਵਾਰੇ ਪਤਾ ਕਰ ਲਿਆ ਹੋਵੇ ਜਾਂ ਉਨਾਂ ਨੂੰ ਯਾਦ ਆ ਗਿਆ ਹੋਵੇ? ਪਰ ਉਨਾਂ ਦਾ ਜਬਾਬ ਉਹ ਹੀ ਟਾਲ ਮਟੌਲ, ਜੋ 2003 ਤੋਂ ਚਲਦਾ ਆ ਰਿਹਾ ਹੈ, ਹੀ ਰਿਹਾ। ਹੁਣ ਉਨਾਂ ਮੁਤਾਬਕ ਜਿਹੜਾ ਉਨਾਂ ਤੋਂ ਜਨਮ ਸਾਖੀ ਜਾਂ ਜਨਮ ਸਾਖੀ ਤੇ ਪੁਸਤਕ ਲੈ ਗਿਆ ਸੀ, ਉਸ ਤੋਂ ਇਹ ਗੁਆਚ ਗਈ ਅਤੇ ਹੁਣ ਇਹ ਗੁਆਣ ਵਾਲਾ ਵੀ ਗੁਆਚ ਗਿਆ ਹੈ। ਭਾਟੀਏ ਮੁਤਾਬਕ ਹੁਣ ਸਾਨੂੰ, ਉਸ ਨੂੰ ਫੋਨ ਕਰਨ ਦੀ ਜਰੂਰਤ ਨਹੀਂ। ਜੇ ਉਨਾਂ ਦਾ ਗੁਆਚਾ ਜਾਣਕੀਰ ਉਨਾਂ ਨਾਲ ਸੰਪਰਕ ਕਰੇਗਾ ਤਾਂ ਉਹ ਉਸ ਨੂੰ ਪੁੱਛ ਕੇ ਸਾਨੂੰ ਦੱਸ ਦੇਵੇਗਾ।

ਸੋ ਇਸ ਦਿਨ ਤੋਂ ਅਸਾਂ ਵਲੋਂ ਸਿਖੀ ਸਰੂਪ ਵਿਚ ਭੁੱਲਣ ਦੀ ਬੀਮਾਰੀ ਦੇ ਗੰਭੀਰ ਬੀਮਾਰ ਇਸ ਮਾਇਆਧਾਰੀ ਤੋਂ ਕਿਸੇ ਵੀ ਤਰਾਂ ਦੀ ਆਸ ਨੂੰ ਲਾਹ ਦਿੱਤਾ ਗਿਆ। ਕਿਓਕਿ ਗੁਰੂ ਨਾਨਕ ਦਾ ਗੁਰਮਤਿ ਦਰ ਆਪਣੇ ਆਪ ਵਿਚ ਕਰਤੇ ਦਾ ਇਕ ਪੂਰਨ ਸੱਚ ਹੈ ਅਤੇ ਇਸ ਦਰ ਦੇ ਇਨਸਾਨ ਗੁਰਸਿਖ ਖਾਲਸੇ ਲਈ ਕਿਸੇ ਬੇਗਾਨੀ ਲਿਖਤ ਨੂੰ ਅਧਾਰ ਬਣਾਕੇ ਗੁਰੂ ਦੇ ਨਾਮ ਨਾਲ ਜੋੜ ਦੇਣਾਂ ਮਹਾਂਪਾਪ ਹੈ।

ਸੋ ਗੁਰੂ ਆਸਰੇ ਸਬੱਬ ਨਾ ਨਸੀਬ ਹੋਈ ਅਤੇ ਖੋਜ ਲਈ ਪੜ੍ਹ ਹੋਈ ਜਨਮ ਸਾਖੀ ਨੇ ਸਾਨੂੰ ਗੁਰੂ ਆਸਰੇ ਜਿਸ ਰਿਜਾਲਟ ਜਾਂ ਸਿਟਿਆਂ ਤੇ ਪਹੁੰਚਾਇਆ ਹੈ, ਜਿਨਾਂ ਨੂੰ ਕਲਮਬੰਦ ਕਰਨਾਂ ਅਗਲਾ ਕਾਰਜ ਹੈ ਉਨਾਂ ਵਿਚੋਂ ਅਜੇ ਇਥੇ ਕੁਝ ਇਕ ਨੂੰ ਅਤਿ ਸੰਖੇਪ ਵਿਚ ਸਿਖ ਸੰਗਤਾਂ ਨਾਲ ਸਾਂਝਾ ਕਰਨ ਦੀ ਖੁਸ਼ੀ ਲੈ ਰਹੇ ਹਾਂ:

1) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਗੁਰਬਾਣੀ ਤੇ ਖੋਜ ਸਿੱਟੇ, ਦਸ਼ਮੇਸ਼ ਪਿਤਾ ਦੀ ਅਸਲ ਗੁਰਬਾਣੀ ਦੀ ਸਾਰ ਮਗਰੋਂ ਇਸ ਦੇ ਖੋਜ ਸਿਟੇ ਅਤੇ ਸਬੱਬ ਨਾਲ ਨਸੀਬ, ਬਿਪਰਨ ਵਲੋਂ ਨਾ ਬਿਗਾੜੀ ਜਾ ਸਕੀ ਇਸ ਪੁਰਾਤਨ ਬਾਲੇ ਵਾਲੀ ਜਨਮ ਸਾਖੀ ਤੇ ਖੋਜ ਸਿਟੇ ਗੁਰੂ ਦੇ ਹੁਕਮ ਅਤੇ ਰਜਾ ਦੇ ਹੋਏ ਗੁਰਸਿਖ ਖਾਲਸਾ ਪੰਥ ਨੂੰ ਗੁਰੂ ਆਸਰੇ ਇਹ ਕਹਿ ਸਕਣ ਦੇ ਸਮਰੱਥ ਕਰਦੇ ਨੇ ਕਿ ਹਾਂ ਅਜੇ ਆਪਾਂ ਭਾਵੇਂ ਉਸ ਬੁਧ ਬਬੇਕ ਦੇ ਮਾਲਕ ਨਹੀਂ ਹੋਏ ਕਿ ਆਪਾਂ ਕੋਲ ਜੋ ਕੁਝ ਪਾਉਣਾਂ, ਉਹ ਇਕੋ ਵਾਰ ਹੋ ਜਾਵੇ। ਪਰ ਗੁਰੂ ਵਲੋਂ ਆਪਣੇ ਲਾਲੋ ਕਿਆਂ ਨੂੰ ਸਭ ਦੇ ਇਕੋ ਇਕ ਕਰਤਾ ਅਤੇ ਉਸ ਦੇ ਇਕੋ ਇਕ ਸੱਚ-ਗਿਆਨ ਦੀ ਬਖਸ਼ਿਸ਼ ਲਈ ਇਕ ਸੱਚੀ ਪੈੜ ਫੜਾਕੇ ਤੋਰ ਦਿੱਤਾ ਹੈ ਅਤੇ ਉਨਾਂ ਜਿਮੇਂ ਪਵਿਤ੍ਰ ਗਿਆਨ ਦੀ ਬਖਸ਼ਿਸ਼ ਨੂੰ ਕਲਮਬੰਦ ਕਰਕੇ ਬੇਖੋਫ, ਅਡੋਲ ਸੰਸਾਰ ਦੇ ਇਨਸਾਨ ਭਾਈ ਨਾਲ ਸਾਂਝਾ ਕਰਨਾਂ ਲੱਗ ਚੁੱਕਾ ਹੈ।

2) ਇਸ ਜਨਮ ਸਾਖੀ ਵਿਚ ਮਿਥਿਆਸਕ ਸੰਕੇਤ ਵੀ ਹਨ। ਜਦੋਂ ਅਤੀਤ ਦੇ ਚਿੰਨ ਜਿੰਨਾਂ ਨੇ ਇਸ ਨੂੰ ਇਤਿਹਾਸਿਕ ਹੋਣ ਦਾ ਦਰਜਾ ਦੇਣਾਂ ਹੈ, ਉਨਾਂ ਦੇ ਨਾਂ ਨਿਸ਼ਾਨ ਹੀ ਮਿਟ ਗਏ ਹੋਣ? ਇਸ ਭੇਦ ਵਾਰੇ ਗੁਰਮਤਿ ਦੇ ਪੂਰੇ ਬਿਖਿਆਨ ਨੂੰ ਉਸ ਦਿਨ ਵੇਖ ਹੀ ਲਵਾਂਗੇ ਜਦੋਂ ਆਪਾਂ, ਆਪਣੇ ਲਈ ਸਿਰਿਸ਼ਟੀ ਦੀ ਸਿਰਜਣਾਂ ਅਤੇ ਇਸ ਵਿਚ ਜੀਵ ਦੀ ਸ਼ੁਰੁਅਤ ਤੋਂ ਚੱਲਾਂਗੇ।

3) ਕੁਝ ਨਾਵਾਂ, ਜਨਮ ਤਰੀਕਾਂ, ਜਾਂ ਉਮਰਾਂ ਦਾ ਹੁਣ ਤੱਕ ਦੇ ਪ੍ਰਚੱਲਤ ਨਾਲ ਵਖਰੇਵਾਂ ਵੀ ਮਿਲਦਾ ਹੈ ਜਿਨਾਂ ਦਾ ਇਕ ਗੁਰਮਤਿ ਸੱਚ ਦੀ ਖੋਜ ਲਈ ਕੋਈ ਰੋਲ ਨਹੀ। ਇਸ ਲਈ ਅਣਡਿਠ ਹਨ। ਇਸ ਜਨਮ ਸਾਖੀ ਵਿਚ ਉਹ ਸਭ ਵੀ ਅਣਡਿਠ ਹੈ ਜਿਸ ਦਾ ਇਕ ਗੁਰਮਤਿ ਸੱਚ ਦੀ ਖੋਜ ਲਈ ਕੋਈ ਰੋਲ ਨਹੀ ਹੈ। ਪਰ ਸੰਸਾਰ ਅੱਗੇ ਇਸ ਪੂਰੇ ਨੂੰ ਰੱਖਣਾਂ ਹੈ ਅਤੇ ਇਸ ਵਿਚੋਂ ਕਦੇ ਨਾ ਅਣਡਿਠ ਕੀਤੇ ਜਾ ਸਕਣ ਵਾਲੇ ਸੱਚ ਨੂੰ ਹਵਾਲਿਆਂ ਵਜੋਂ ਲੈਣਾਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਦੇ ਗਿਆਨ ਲਈ ਦਸ਼ਮੇਸ਼ ਪਿਤਾ ਜੀ ਦੀ ਅਸਲ ਬਾਣੀ ਅਤੇ ਜਨਮ ਸਾਖੀ ਜਾਣਕਾਰੀ ਇਕੋ ਮਾਲਾ ਦੇ ਅਨਿਖੜ ਅਨਮੋਲ ਮੋਤੀ ਹਨ ਜੋ ਹਰਿ ਕਰਤੇ ਦੇ ਹੀ ਰੂਪ ਹੋਰ ਧਰਮ ਗ੍ਰੰਥਾਂ ਦੇ ਅਧਿਐਨ ਮਗਰੋਂ ਇਕ ਗੁਰਮਤਿ ਸੱਚ ਨੂੰ ਸੰਪੂਰਨ ਕਰਦੇ ਨੇ।

4) ਗੁਰਮਤਿ ਸੱਚ ਨੂੰ ਜਾਣ ਸਕਣਾਂ ਆਪਾਂ ਨਸੀਬ, ਹੁਣ ਤੱਕ ਦੇ ਸ਼ਾਂਤਮਈ ਸ਼ਹਾਦਤਾਂ ਦੇ ਗਏ ਅਤੇ ਇਨਾਂ ਮਗਰੋਂ ਰਣ ਤੱਤੇ ਵਿਚ ਜੂਝਦੇ ਸ਼ਹੀਦ ਹੋ ਚੁੱਕੇ ਕਰਤਾ ਦੇ ਹੁਕਮ ਅਤੇ ਰਜਾ ਦੇ ਸੂਰੇ ਇਨਸਾਨ, ਸੰਤ ਭਗਤ ਗੁਰਸਿਖ ਖਾਲਸੇ ਦੀ ਬਦੋਲਤ ਹੀ ਹੋਇਆ ਹੈ। ਜੂਨ ਚੌਰਾਸੀ ਦੇ ਸੰਤ ਸੂਰਿਆਂ ਸਿੰਘਾਂ ਦੀਆਂ ਸ਼ਹਾਦਤਾਂ, ਸੰਸਾਰ ਦੀ ਸਿਰਜਨਾਂ ਤੋਂ ਹੁਣ ਤੱਕ, ਕੂੜ ਦੀ ਉਸਰੀ ਅਤਿ ਫੌਲਾਦੀ ਦੀਬਾਰ ਨੂੰ ਢਾਹ ਢੇਰੀ ਕਰਕੇ, ਕਰਤੇ ਦੇ ਸਦੀਵੀਂ ਸੱਚ ਦੇ ਪ੍ਰਕਾਸ਼ ਲਈ ਕਾਫੀ ਹੋ ਚੁੱਕੀਆਂ ਹਨ। ਇਹ ਗੁਰੂ ਪਿਆਰੇ ਸੰਤ ਭਗਤ ਸੂਰੇ ਸ਼ਹੀਦ, ਕਰਤੇ ਦੇ ਹੁਕਮ ਅਤੇ ਰਜਾ ਉਤੇ, ਆਪਣੀਆਂ ਅਨਮੋਲ ਸ਼ਹਾਦਤਾਂ ਦੇ ਨਾਲ ਆਪਣੇ ਅਤੀਤ ਦੀ ਸੱਚੀ ਪੈੜ ਲਿਖਕੇ, ਆਪਣੇ ਗੁਰਸਿਖ ਸੂਰੇ ਭਾਈਆਂ ਦੇ ਹੱਥ ਕਰ ਗਏ ਨੇ ਤਾਂ ਕਿ ਆਪਾਂ ਗੁਰੂ ਆਸਰੇ ਖੋਜ-ਉਦਮ ਕਰਕੇ, ਗੁਰੂ ਦੇ ਸੱਚ-ਗਿਆਨ ਨੂੰ ਪ੍ਰਾਪਤ ਕਰ ਸਕਣ ਅਤੇ ਇਸ ਬਖਸ਼ਿਸ਼ ਗਿਆਨ ਨੂੰ ਆਪਣੇ ਬੇਖੌਫ ਹਰਫਾਂ, ਬੋਲਾਂ ਅਤੇ ਕਰਨੀ ਦੁਆਰਾ ਸੰਸਾਰ ਦੇ ਹੁਣ ਤੱਕ ਭੁਲੇ ਇਨਸਾਨ ਭਾਈ ਨਾਲ ਸਾਂਝਾ ਕਰ ਦਈਏ।

ਕਰਤਾ ਵੱਲੋਂ ਗੁਰੂ ਦੁਆਰਾ ਸਾਡੇ ਪੁਰਖਾਂ ਨੂੰ, ਸਾਨੂੰ ਆਪਣੇ ਗਿਆਨ ਦੀ ਬਰਾਬਰ ਜੁਬਾਨੀ ਸਿਖਿਆ ਦੁਆਈ ਗਈ। ਪਰ ਨਾ ਰਹਿਣ ਵਾਲੇ ਦਿਸਦੇ ਨਾਲ ਮੋਹ ਪਾਕੇ, ਗੁਰੂ ਦੇ ਗਿਆਨ ਨੂੰ ਵਿਸਾਰ ਦਿੱਤਾ ਅਤੇ ਇਨਸਾਨੀ ਨਸਲ ਨੇ ਆਪਣੇ ਆਪਨੂੰ ਭੁੱਲਣ ਦੀ ਬੀਮਾਰੀ ਤੋਂ ਸੱਭੇ ਤਾਪ ਬੀਮਾਰੀਆਂ ਦਾ ਸ਼ਿਕਾਰ ਕਰ ਲਿਆ। ਜੁਬਾਨੀ ਸਿਖਿਆ ਯਾਦ ਨਾ ਰੱਖੀ ਤਾਂ ਕਰਤੇ ਸਤਿਗੁਰੂ ਦੀ ਅਗਵਾਈ ਵਿਚ ਜੁਗਾਂ ਦੀ ਅਲੇਖ ਘਾਲਣਾਂ ਦੇ ਸਦਕੇ ਆਪਣੇ ਵਾਰੇ ਗਿਆਨ ਨੂੰ ਹਰਫ ਦੇ ਕੇ ਲਿਖਤੀ ਗੁਰਬਾਣੀ ਕਰ ਦਿੱਤਾ ਤਾਂ ਕਿ ਹੁਣ ਇਸ ਸਹਾਰੇ ਗੁਰੂ ਦੇ ਸਿਖ ਭੁੱਲਣ ਦੀ ਬੀਮਾਰੀ ਤੋਂ ਮੁਕਤ ਹੋ ਜਾਵਣ ਅਤੇ ਉਨਾਂ ਨੂੰ ਆਪਣੇ ਅਤੀਤ ਦੀ, ਇਸ ਦੇ ਸਿਰਜਣਹਾਰ ਦੀ ਅਤੇ ਦੁਨੀਆਂ ਤੇ ਆਪਣੇ ਕਰਮ ਦੀ ਯਾਦ ਆ ਜਾਵੇ, ਸਾਰ ਹੋ ਜਾਵੇ, ਸੋਝੀ ਆ ਜਾਵੇ ਅਤੇ ਅੰਤ ਜਿਸ ਦਾ ਕੀਤਾ, ਦਿੱਤਾ ਮਨ, ਉਸੇ ਕਰਤਾ ਪੁਰਖ ਦੇ ਹੁਕਮ ਅਤੇ ਰਜਾ ਦਾ ਕਰਕੇ, ਸੰਸਾਰ ਤੇ ਆਉਣ ਦਾ ਮੰਤਵ ਪੂਰਾ ਕਰ ਜਾਵੇ। ਪੂਰਬਲੇ ਕਿਸੇ ਨੇਕ ਕਰਮ ਕਰਕੇ ਸਿਖ ਨਾਮ ਨਸੀਬ ਹੋਇਆ। ਪੂਰਨ ਗੁਰੂ, ਸਤਿਗੁਰੂ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਸੀਬ ਹੋਏ। ਪਰ ਸਿਖ ਨੂੰ ਭੁੱਲਣ ਦੀ ਬੀਮਾਰੀ ਫਿਰ ਵੀ ਨਾ ਗਈ ਸਗੋਂ ਪੰਥ ਲਈ ਕੇਹੀ ਖਤਰਨਾਕ ਹੋ ਗਈ ਹੈ, ਦੀ ਜਿੰਦਾ ਮਿਸਾਲ ਕਰਤ, ਮਾਇਆਧਾਰੀ ਭਾਈ ਜੁਗਿੰਦਰ ਸਿੰਘ ਭਾਟੀਆ ਦੇ ਰੂਪ ਵਿਚ ਸਾਡੇ ਸਾਹਮਣੇ ਕਰ ਹੀ ਦਿੱਤੀ ਹੈ।

**ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥,**
**ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ ॥**
**ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥** (ਪੰਨਾ 1111)
**ਜੀਅ ਕਾ ਬੰਧਨੁ ਕਰਮੁ ਬਿਆਪੈ ॥ ਜੋ ਕਿਛੁ ਕੀਆ ਸੁ ਆਪੈ ਆਪੈ ॥** (ਪੰਨਾ 1351)

ਭਾਟੀਆ ਜੀ ਆਪਜੀ ਅਤੇ ਆਪਜੀ ਵਰਗੇ ਸਿਖ ਸਰੂਪ ਵਿਚ ਹੋਰਨਾਂ ਦੀ ਯਾਦ ਤਾਜਾ ਲਈ ਗੁਰਮਤਿ ਸੱਚ ਦੇ ਇਕ ਹਿੱਸੇ ਨੂੰ ਅੱਜ ਆਖਰੀ ਵਾਰ ਸੰਭਵ ਸੰਖੇਪ ਵਿਚ ਤੁਸਾਂ ਅੱਗੇ ਰੱਖ ਦੇਣ ਦੇ ਗੁਰੂ ਹੁਕਮ ਨੂੰ ਨਿਭਾਕੇ ਸਰਖਰੂ ਹੋ ਰਹੇ ਹਾਂ।

ਭਾਈ ਜੁਗਿੰਦਰ ਸਿੰਘ ਭਾਟੀਆ ਜੀ ਸਰੂਪ ਤੋਂ ਤੁਸੀਂ ਗੁਰੂ ਦੇ ਸਿਖ ਹੋਣ ਦਾ ਦਾਅਵ ਲੈਕੇ ਫਿਰ ਰਹੇ ਹਨ। ਆਓ ਵੇਖੀਏ ਕਿ ਤੁਸਾਂ ਅਤੇ ਤੁਸਾਂ ਵਰਗੇ ਹੋਰ, ਆਪਣੇ ਨਾਮ ਅਤੇ ਸਿਖ ਸਰੂਪ ਨਾਲ ਜੁੜੇ ਜ਼ਿਮੇਵਾਰੀ ਕਿਰਦਾਰ ਨੂੰ ਨਿਭਾਕੇ ਜਾਂ ਨਾ ਨਿਭਾਕੇ, ਆਪਣੇ ਕਰਮਾਂ ਨਾਲ ਗੁਰੂ ਅਨੁਸਾਰ ਆਪਣੇ ਲਈ ਕਿਹੜਾ ਮਾਰਗ ਪੱਕਾ ਕਰ ਰਹੇ ਹੋ?

ਆਪਣੇ ਗੁਰੂ ਦੇ ਸੱਚ ਫੁਰਮਾਨ ਜਿਸ ਦੇ ਹੀ ਆਧਾਰ ਉਤੇ ਖਾਲਸੇ ਦੀ ਮੰਜ਼ਿਲ ਉਸ ਦੇ ਦੇਸ਼ ਦਾ ਸਫਲ ਸਵਿਧਾਨ ਅਤੇ ਇਸ ਦੇਸ਼ ਦੇ ਵਾਸੀਆਂ ਦਾ ਸੁਭਾ ਹੋ ਸਕਦਾ ਹੈ:

ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨ ਆਵੈ ਨੇੜੇ ॥ (ਪੰਨਾ 684)

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ (ਪੰਨਾ 1245)

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥

ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥ (ਪੰਨਾ 1019)

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਵਾਣਦਾ ॥

ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥ (ਪੰਨਾ 74)

ਪਾਪਾਂ ਨਾਲ ਕੀਤੀ ਮਾਇਆ ਦੀ ਇਕ ਹੱਥ ਵਿਚ ਬਹੁਤਤਦਾਦ ਵਾਰੇ ਅਤੇ ਮਾਇਆਧਾਰੀ ਦੀ ਮਾਨਸਿਕਤਾ ਵਾਰੇ ਗੁਰੂ ਦਾ ਸੱਚ ਫੁਰਮਾਨ :

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ (ਪੰਨਾ 417)

ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥ ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥ (ਪੰਨਾ 36)

ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ ॥ ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ ॥,

ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ ॥

ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ ॥ (ਪੰਨਾ 50-51)

ਸਭ ਕਿਛੁ ਕੀਤੋਨੁ ਆਪਣਾ ਜੀਇ ਨ ਸੰਕ ਧਰਿਆ ॥ ਚਿਤਿ ਨ ਆਇਓ ਪਾਰਬ੍ਰਹਮੁ ਜਮਕੰਕਰ ਵਸਿ ਪਰਿਆ ॥ (ਪੰਨਾ 71)

ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ ॥

ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ ਖਿਨ ਮਹਿ ਭਇਆ ਪਰਾਇਆ ॥ (ਪੰਨਾ 76)

ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥ (ਪੰਨਾ 85)

ਮਾਇਆ ਮੋਹਿ ਹਰਿ ਚੇਤੈ ਨਾਹੀ ॥ ਜਮਪੁਰਿ ਬਧਾ ਦੁਖ ਸਹਾਹੀ ॥

ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ ॥ (ਪੰਨਾ 111)

ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ (ਪੰਨਾ 313)

ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ ॥

ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ ॥ (ਪੰਨਾ 307)

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥ (ਪੰਨਾ 472)

ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ ॥ ਲਸਕਰ ਨੇਬ ਖਵਾਸ ਸਭ ਤਿਆਗੇ ਜਮ ਪੁਰਿ ਊਠਿ ਸਿਧਾਸ ॥੨॥ ਹੋਇ ਅਨੰਨਿ ਮਨਹਠ ਕੀ ਦ੍ਰਿੜਤਾ ਆਪਸ ਕਉ ਜਾਨਾਤ ॥ ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ ॥੩॥ (ਪੰਨਾ 496)

ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥ ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥ (ਪੰਨਾ 546)

ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥ ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ ॥ (ਪੰਨਾ 787)

ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ ॥

ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥ (ਪੰਨਾ 971)

ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ (ਪੰਨਾ 1013)

ਜੈਸੀ ਪਰ ਪੁਰਖਾ ਰਤ ਨਾਰੀ ॥ ਲੋਭੀ ਨਰੁ ਧਨ ਕਾ ਹਿਤਕਾਰੀ ॥ (ਪੰਨਾ 1164)

ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥

ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥ (ਪੰਨਾ 1255)

ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ ॥ ਬਿਨਸਤ ਬਾਰ ਨ ਲਾਗੈ ਬਵਰੇ ਹਉਮੈ ਗਰਬਿ ਖਪੈ ਜਗੁ ਐਸਾ ॥ (ਪੰਨਾ 1273)
ਕਿਛੁ ਸੰਗਿ ਨ ਚਾਲੈ ਲਾਖ ਕਰੋਰੈ ॥ ਪ੍ਰਭ ਜੀ ਕੋ ਨਾਮੁ ਅੰਤਿ ਪੁਕਰੋਰੈ ॥ (ਪੰਨਾ 1304)
ਸੁਤ ਕੰਚਨ ਸਿਉ ਹੇਤੁ ਵਧਾਇਆ ॥ ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥ (ਪੰਨਾ 1342)
ਕਬੀਰ ਰਾਮੁ ਨ ਚੇਤਿਓ ਫਿਰਿਆ ਲਾਲਚ ਮਾਹਿ ॥ ਪਾਪ ਕਰੰਤਾ ਮਰਿ ਗਇਆ ਅਉਧ ਪੁਨੀ ਖਿਨ ਮਾਹਿ ॥ (ਪੰਨਾ 1376)
ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ ॥
ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ ॥ (ਪੰਨਾ 1387)
ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤਿ ਹੋਇ ਸਭੁ ਛਾਰੁ ॥
ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ ॥ (ਪੰਨਾ 1423)
ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥ ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ ॥ (ਪੰਨਾ 1426)

ਜੁਗਿੰਦਰ ਸਿੰਘ ਭਾਟੀਆ ਜੀ ਅਸਾਂ ਸੁਣਿਆਂ ਹੈ ਕਿ ਆਪਜੀ ਇਕ ਗੁਰੂ ਘਰ ਦੇ ਪ੍ਰਬੰਧਕ ਵੀ ਰਹੇ ਹੋ ਜਾਂ ਹੁਣ ਵੀ ਹੋ । ਪਰ ਜੇ ਜਪੁਜੀ ਸਾਹਿਬ ਹੀ ਯਾਦ ਰੱਖਿਆ ਹੁੰਦਾ ਤਾਂ ਇਸ ਸੱਚ ਤੋਂ ਅਣਜਾਣ ਨਾ ਹੁੰਦੇ ਕਿ ਗੁਰਬਾਣੀ ਨੇ ਤੇ ਆਪਣੇ ਸਿਖ ਨੂੰ ਸਮਝਾਣ ਵਿਚ ਕੋਈ ਕਮੀ ਹੀ ਨਹੀਂ ਰਹਿਣ ਦਿੱਤੀ ਕਿ ਕਰਤੇ ਨੇ ਆਪਣੀ ਕੁਦਰਤ ਵਿਚ ਆਪਣਾਂ ਅਟੱਲ ਕਾਨੂੰਨ: ਕਰਮ ਅਤੇ ਉਸ ਦਾ ਫਲ ਕੀਤਾ ਹੋਇਆ ਹੈ। ਇਨਸਾਨ ਜੋ ਬੀਜੇਗਾ ਉਸ ਨੂੰ ਵੱਢੇਗਾ। ਗੁਰੂ ਵਲੋਂ ਆਪਣੇ ਸਿਖ ਨੂੰ ਕਰਤੇ ਦੇ ਹੁਕਮ, ਰਜਾ ਦੇ, ਉਸ ਨੂੰ ਭਾਉਂਦੇ ਕਰਮ ਹੀ ਕਰਨ ਦੀ ਹਦਾਇਤ ਹੈ। ਇਹ ਗੁਰੂ ਹੁਕਮ ਮੰਨਣੇ ਹੀ ਇਨਸਾਨ ਗੁਰਸਿਖ ਦੀ ਕਾਰ ਹੈ, ਕਰਮ ਹੈ ਅਤੇ ਉਸ ਦਾ ਰਹਿੰਦਾ ਨਿਸ਼ਾਨ ਹੈ। ਗੁਰੂ ਵੱਲੋਂ ਤੇ ਇਸ ਬਖਿਆਨ ਵਿਚ ਵੀ ਕੋਈ ਊਣਤਾਈ ਨਹੀ ਰਹਿਣ ਦਿੱਤੀ ਕਿ ਕਿਹੜੇ ਕਰਮ ਹਨ ਜੋ ਕਰਤੇ ਰੱਬ ਨੂੰ ਭਾਉਂਦੇ ਹਨ ਤੇ ਕਿਹੜੇ ਨਹੀਂ।

ਕੀਤੇ ਕਰਮ ਅਤੇ ਇਸ ਦਾ ਫਲ, ਗੁਰਮਿਤ ਸੱਚ ਦਾ ਮੁਖ ਬਖਿਆਨ ਹੁੰਦੇ ਹੋਇਆਂ ਵੀ ਭਾਟੀਆ ਜੀ ਆਪ ਅਤੇ ਆਪਜੀ ਵਰਗੇ ਹੋਰ ਵੀ ਬਹੁਤ ਹਨ ਜੋ ਕੁਦਰਤ ਵਿਚ ਕਰਤੇ ਦੇ ਇਸ ਕਰਮ ਅਨੁਸਾਰ ਨਿਆਂ ਕਾਨੂੰਨ ਨੂੰ ਭੁੱਲੀ ਬੈਠੇ ਹਨ ਜਿਸ ਨੇ ਕੀਤੇ ਕਰਮਾਂ ਅਨੁਸਾਰ ਹੀ ਸਾਨੂੰ ਖਾਣ- ਭੋਗਣ ਲਈ ਜਬਰੀਂ ਨਸੀਬ ਕਰਨਾਂ ਹੈ।

ਉਹ ਗੁਰਬਾਣੀ ਫੁਰਮਾਨ ਜਿਨਾਂ ਵਿਚ **ਕਰਮੁ, ਕਰਮੀ, ਕਰਮ, ਕਰਮਿ, ਕੀਰਤਿ, ਕਰਣੀ, ਕਰਮਾ, ਕਰਣਾ, ਕੀਰਤਿ ਕਰਮਾਨ, ਕਿਰਮ, ਕਿਰਿਆ, ਕਰਮੰ, ਕਰੰਮਿ, ਕਰਮਨ** ਆਦਿ ਹਰਫਾਂ ਦੁਆਰਾ ਗੁਰਸਿਖ ਨੂੰ ਕਾਦਰ ਦੇ ਕੁਦਰਤ ਵਿਚ ਕਰਮਾਂ ਅਨੁਸਾਰ ਨਿਆਂ ਦੇ ਅਟੱਲ ਕਾਨੂੰਨ ਨੂੰ ਸਮਝਾਣ ਵਿਚ ਪੂਰਨ ਗੁਰੂ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ:

ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥,
ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥ (ਪੰਨਾ 5)
ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥ (ਪੰਨਾ 7)
ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥,
ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥,
ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ (ਪੰਨਾ 8)
ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥
ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ ॥ (ਪੰਨਾ 28-29)
ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥ ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥ (ਪੰਨਾ 31)
ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥ (ਪੰਨਾ 32)
ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥ ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥ ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥ (ਪੰਨਾ 34)
ਮੇਰੇ ਮਨ ਸੁਖਦਾਤਾ ਹਰਿ ਸੋਇ ॥ ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥ (ਪੰਨਾ 42)
ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥ (ਪੰਨਾ 68)
ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥

ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥ (ਪੰਨਾ 87)
ਕਰਮੁ ਹੋਵੈ ਸਤਿਗੁਰੂ ਮਿਲਾਏ ॥ ਸੇਵਾ ਸੁਰਤਿ ਸਬਦਿ ਚਿਤੁ ਲਾਏ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥ (ਪੰਨਾ 109-110)
ਮਨਮੁਖ ਅੰਧੇ ਕਿਛੂ ਨ ਸੂਝੈ ॥ ਮਰਣੁ ਲਿਖਾਇ ਆਏ ਨਹੀ ਬੂਝੈ ॥
ਮਨਮੁਖ ਕਰਮ ਕਰੇ ਨਹੀ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ ॥ (ਪੰਨਾ 114)
ਮਨਮੁਖ ਅੰਧੁ ਐਸੇ ਕਰਮ ਕਮਾਏ ॥ ਹਲਤਿ ਨ ਸੋਭਾ ਪਲਤਿ ਨ ਢੋਈ ਬਿਰਥਾ ਜਨਮੁ ਗਵਾਵਣਿਆ ॥ (ਪੰਨਾ 127)
ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥
ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥ (ਪੰਨਾ 133)
ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ ॥
ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ ॥ (ਪੰਨਾ 147)
ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥ (ਪੰਨਾ 151)
ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥ (ਪੰਨਾ 154)
ਕਰਮੁ ਹੋਵੈ ਸਤਸੰਗਿ ਮਿਲਾਏ ॥ ਹਰਿ ਗੁਣ ਗਾਵੈ ਬੈਸਿ ਸੁ ਥਾਏ ॥ (ਪੰਨਾ 158)
ਕਹੁ ਨਾਨਕ ਜਾ ਕਾ ਪੂਰਾ ਕਰਮ ॥ ਤਿਸੁ ਭੇਟੇ ਸਾਧੂ ਕੇ ਚਰਨ ॥ (ਪੰਨਾ 189)
ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥ ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥ (ਪੰਨਾ 199)
ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥ ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥ (ਪੰਨਾ 229)
ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥ ਬਗ ਜਿਉ ਲਾਇ ਬਹੈ ਨਿਤ ਧਿਆਨਾ ॥
ਜਮਿ ਪਕੜਿਆ ਤਬ ਹੀ ਪਛੁਤਾਨਾ ॥ (ਪੰਨਾ 230)
ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥ ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥ (ਪੰਨਾ 239)
ਸਤਿ ਕਰਣੀ ਨਿਰਮਲ ਨਿਰਮਲੀ ॥ ਜਿਸਹਿ ਬੁਝਾਏ ਤਿਸਹਿ ਸਭ ਭਲੀ ॥ (ਪੰਨਾ 284)
ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥ ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ ॥ ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥ ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥ (ਪੰਨਾ 308)
ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥ ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ (ਪੰਨਾ 315)
ਜੇਹੇ ਕਰਮ ਕਮਾਵਦੇ ਤੇਵੇਹੋ ਭਣੀਐ ॥ ਜਨ ਨਾਨਕ ਕਾ ਖਸਮੁ ਵਡਾ ਹੈ ਸਭਨਾ ਦਾ ਧਣੀਐ ॥ (ਪੰਨਾ 316)
ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥ ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ ॥ (ਪੰਨਾ 317)
ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥
ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ॥ (ਪੰਨਾ 351)
ਕਹੁ ਨਾਨਕ ਜਾ ਕੇ ਪੂਰਨ ਕਰਮ ॥ ਸਤਿਗੁਰ ਭੇਟੇ ਪੂਰਨ ਪਾਰਬ੍ਰਹਮ ॥ (ਪੰਨਾ 378)
ਕਹੁ ਨਾਨਕ ਕਉਨ ਉਹ ਕਰਮਾ ॥ ਜਾ ਕੈ ਮਨਿ ਵਸਿਆ ਹਰਿ ਨਾਮਾ ॥ (ਪੰਨਾ 388)
ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ ॥੨॥
ਕਹੁ ਨਾਨਕ ਜਿਸੁ ਸਤਿਗੁਰੁ ਭੇਟਿਆ ਸੋ ਜਨੁ ਨਿਹਚਲੁ ਥੀਆ ॥ (ਪੰਨਾ 407)
ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥ (ਪੰਨਾ 412)
ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥ (ਪੰਨਾ 415)
ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥ ਨਾਮੁ ਵਖਾਣੈ ਸੁਣੇ ਨਾਮੁ ਨਾਮੇ ਬਿਉਹਾਰਾ ॥ (ਪੰਨਾ 418)
ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ ਚਾਰੇ ਤੇਰੀਆ ਖਾਣੀ ॥
ਕਰਮੁ ਹੋਵੈ ਤਾ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ ॥ (ਪੰਨਾ 423)

ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥ ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥ (ਪੰਨਾ 427)
ਵਿਣੁ ਕਰਮਾ ਕਿਛੁ ਪਾਈਐ ਨਹੀ ਕਿਆ ਕਰਿ ਕਹਿਆ ਜਾਇ ॥ (ਪੰਨਾ 430)
ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ ਨਾਮੁ ਲਇਆ ॥ (ਪੰਨਾ 434)
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥ (ਪੰਨਾ 463)
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥ ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥ (ਪੰਨਾ 467)
ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥
ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ੍ ਧਾਵਦੇ ॥ (ਪੰਨਾ 468)
ਇਕਿ ਮੂਲੁ ਨ ਬੁਝਨਿ੍ ਆਪਣਾ ਅਣਹੋਦਾ ਆਪੁ ਗਣਾਇਦੇ ॥
ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥
ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥ (ਪੰਨਾ 476)
ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥ ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥ (ਪੰਨਾ 486)
ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ ॥ ਕਹੈ ਨਾਨਕੁ ਹਰਿ ਕਾ ਭਾਣਾ ਹੋਆ ਕਹਣਾ ਕਛੂ ਨ ਜਾਈ ॥ (ਪੰਨਾ 490)
ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥ (ਪੰਨਾ 491)
ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖਿ ਦੂਜੈ ਭਾਇ ॥
ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ ॥ (ਪੰਨਾ 603)
ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥
ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥ (ਪੰਨਾ 648)
ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ ॥ ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ ॥ (ਪੰਨਾ 741)
ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥ ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ ॥ (ਪੰਨਾ 787)
ਮਨਮੁਖੁ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥
ਗੁਰ ਪਰਸਾਦੀ ਸਦਾ ਸੁਖੁ ਪਾਏ ॥ ਸਚੁ ਕਰਣੀ ਸਾਚਿ ਲਿਵ ਲਾਏ ॥ (ਪੰਨਾ 841)
ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿ ਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥ (ਪੰਨਾ 1066)
ਬਿਨੁ ਕਰਮਾ ਕਿਛੂ ਨ ਪਾਈਐ ਜੇ ਬਹੁਤੁ ਲੋਚਾਹੀ ॥ ਆਵੈ ਜਾਇ ਜੰਮੈ ਮਰੈ ਗੁਰ ਸਬਦਿ ਛੁਟਾਹੀ ॥ (ਪੰਨਾ 1092)
ਵਿਣੁ ਕਰਮਾ ਹਰਿ ਜੀਉ ਨ ਪਾਈਐ ਬਿਨੁ ਸਤਿਗੁਰ ਮਨੂਆ ਨ ਲਗੈ ॥
ਧਰਮੁ ਧੀਰਾ ਕਲਿ ਅੰਦਰੇ ਇਹੁ ਪਾਪੀ ਮੂਲਿ ਨ ਤਗੈ ॥ (ਪੰਨਾ 1098)
ਕਰਮੁ ਖੁਲਾ ਗੁਰੁ ਪਾਇਆ ਹਰਿ ਮਿਲਿਆ ਸੁਆਮੀ ॥ ਜੋ ਜਨੁ ਹਰਿ ਕਾ ਸੇਵਕੋ ਹਰਿ ਤਿਸ ਕੀ ਕਾਮੀ ॥ (ਪੰਨਾ 1099)
ਬਿਨੁ ਕਰਮਾ ਕਿਛੂ ਨ ਲਭਈ ਜੇ ਫਿਰਹਿ ਸਭ ਧਰਣਾ ॥
ਗੁਰ ਮਿਲਿ ਭਉ ਗੋਵਿੰਦ ਕਾ ਭੈ ਡਰੁ ਦੂਰਿ ਕਰਣਾ ॥ (ਪੰਨਾ 1102)
ਕਰਮੁ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ ॥ ਸਹਜੇ ਪਾਵੈ ਸੋਇ ਵਣਾਹੰਬੈ ॥ (ਪੰਨਾ 1104)
ਪ੍ਰਾਨ ਸੁਖਦਾਤਾ ਗੁਰਮੁਖਿ ਜਾਤਾ ਸਗਲ ਰੰਗ ਬਨਿ ਆਏ ॥ ਸੋਈ ਕਰਮੁ ਕਮਾਵੈ ਪ੍ਰਾਣੀ ਜੇਹਾ ਤੂ ਫੁਰਮਾਏ ॥ (ਪੰਨਾ 1117)
ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ ॥
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ ॥ (ਪੰਨਾ 1127)
ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥,
ਕਲਜੁਗ ਮਹਿ ਬਹੁ ਕਰਮ ਕਮਾਹਿ ॥ ਨਾ ਰੁਤਿ ਨ ਕਰਮ ਥਾਇ ਪਾਹਿ ॥ (ਪੰਨਾ 1129)
ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥
ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥ (ਪੰਨਾ 1132)

ਪਤਿਤ ਪਾਵਨ ਪ੍ਰਭ ਤੇਰੋ ਨਾਉ ॥ ਪੂਰਬਿ ਕਰਮ ਲਿਖੇ ਗੁਣ ਗਾਉ ॥ (ਪੰਨਾ 1138)
ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥ ਸਤਿਗੁਰੁ ਸੇਵੇ ਖੁਲ੍ਹੇ ਕਪਾਟ ॥ (ਪੰਨਾ 1139)
ਨਾਨਕ ਉਧਰੇ ਨਾਮ ਪੁਨਹਚਾਰ ॥ ਅਵਰਿ ਕਰਮ ਲੋਕਹ ਪਤੀਆਰ ॥ (ਪੰਨਾ 1142)
ਬੰਧਨ ਮਾਤ ਪਿਤਾ ਸੁਤ ਬਨਿਤਾ ॥ ਬੰਧਨ ਕਰਮ ਧਰਮ ਹਉ ਕਰਤਾ ॥,
ਜਿਸ ਨੋ ਕਰਮੁ ਕਰੇ ਪ੍ਰਭੁ ਅਪਨਾ ॥ ਹਰਿ ਹਰਿ ਨਾਮੁ ਤਿਨੈ ਜਨਿ ਜਪਨਾ ॥ (ਪੰਨਾ 1147)
ਕੋਟਿ ਕਰਮ ਬੰਧਨ ਕਾ ਮੂਲੁ ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥ (ਪੰਨਾ 1149)
ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥
ਸੋ ਕੁਲਵੰਤਾ ਜਿ ਸਿਮਰੈ ਸੁਆਮੀ ॥ ਸੋ ਪਤਿਵੰਤਾ ਜਿ ਆਪੁ ਪਛਾਨੀ ॥ (ਪੰਨਾ 1150)
ਕਹੁ ਨਾਨਕ ਜਾ ਕੇ ਪੂਰਨ ਕਰਮਾ ॥ ਸੋ ਜਨੁ ਆਇਆ ਪ੍ਰਭ ਕੀ ਸਰਨਾ ॥
ਆਪਿ ਪਵਿਤੁ ਪਾਵਨ ਸਭਿ ਕੀਨੇ ॥ ਰਾਮ ਰਸਾਇਣੁ ਰਸਨਾ ਚੀਨ੍ਹੇ ॥ (ਪੰਨਾ 1150)
ਜਿਸ ਨੋ ਕਰਮੁ ਕਰੇ ਕਰਤਾਰੁ ॥ ਸਾਧਸੰਗਿ ਹੋਇ ਤਿਸੁ ਬਿਉਹਾਰੁ ॥ (ਪੰਨਾ 1151)
ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥ ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥,
ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥ ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥ (ਪੰਨਾ 1168)
ਕਰਮੁ ਹੋਵੈ ਤਾਂ ਸੇਵਾ ਕਰੈ ॥ ਗੁਰ ਪਰਸਾਦੀ ਜੀਵਤ ਮਰੈ ॥ (ਪੰਨਾ 1172)
ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥ (ਪੰਨਾ 1175)
ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥ ਮਾਇਆ ਮੂਠਾ ਸਦਾ ਬਿਲਲਾਇ ॥ (ਪੰਨਾ 1176)
ਜਾਪ ਨ ਤਾਪ ਨ ਕਰਮ ਕੀਤਿ ॥ ਆਵੈ ਨਾਹੀ ਕਛੂ ਰੀਤਿ ॥,
ਸਗਲ ਧਰਮ ਮਹਿ ਊਤਮ ਧਰਮ ॥ ਕਰਮ ਕਰਤੂਤਿ ਕੈ ਊਪਰਿ ਕਰਮ ॥
ਜਿਸ ਕਉ ਚਾਹਹਿ ਸੁਰਿ ਨਰ ਦੇਵ ॥ ਸੰਤ ਸਭਾ ਕੀ ਲਗਹੁ ਸੇਵ ॥ (ਪੰਨਾ 1182)
ਪਾਪ ਕਰੰਤੌ ਨਹ ਸੰਗਾਇ ॥ਬਿਖੁ ਕਾ ਮਾਤਾ ਆਵੈ ਜਾਇ ॥ (ਪੰਨਾ 1192)
ਸਾਤ ਸੂਤ ਮਿਲਿ ਬਨਜੁ ਕੀਨ ॥ ਕਰਮ ਭਾਵਨੀ ਸੰਗ ਲੀਨ ॥,
ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ (ਪੰਨਾ 1195)
ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥
ਬਿਨੁ ਕਰਮਾ ਕਿਉ ਸੰਗਤਿ ਪਾਈਐ ਹਉਮੈ ਬਿਆਪਿ ਰਹਿਆ ਮਨੁ ਝੂਰਿ ॥ (ਪੰਨਾ 1197)
ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥
ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥ (ਪੰਨਾ 1198)
ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ ॥
ਦਹ ਦਿਸ ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ ॥ (ਪੰਨਾ 1202)
ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥
ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥ (ਪੰਨਾ 1202-1203)
ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ ॥
ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ ॥ (ਪੰਨਾ 1203)
ਕਰਹਿ ਬੁਰਾਈ ਠਗਾਈ ਦਿਨੁ ਰੈਨਿ ਨਿਹਫਲ ਕਰਮ ਕਮਾਹੀ ॥
ਕਣੁ ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੁਖ ਪਾਂਹੀ ॥ (ਪੰਨਾ 1207)
ਮੇਰੈ ਮਨਿ ਸਬਦੁ ਲਗੋ ਗੁਰ ਮੀਠਾ ॥ ਖੁਲ੍ਹਿਓ ਕਰਮੁ ਭਇਓ ਪਰਗਾਸਾ ਘਟਿ ਘਟਿ ਹਰਿ ਹਰਿ ਡੀਠਾ ॥,
ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ ॥
ਚਰਨ ਕਮਲ ਨਾਨਕ ਮਨੁ ਬੇਧਿਓ ਚਰਨਹ ਸੰਗਿ ਸਮਾਹਿ ॥ (ਪੰਨਾ 1212)

ਹਰਿ ਭਜਿ ਆਨ ਕਰਮ ਬਿਕਾਰ ॥ ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ ਗ੍ਰਸ ਸੰਸਾਰ ॥,
ਅਪਰਸ ਕਰਤ ਪਾਕਸਾਰ ॥ ਨਿਵਲੀ ਕਰਮ ਬਹੁ ਬਿਸਥਾਰ ॥ (ਪੰਨਾ 1229)
ਹਰਿ ਗਹਿਰ ਗੰਭੀਰੁ ਗੁਣੀ ਗਹੀਰੁ ਗੁਰ ਕੈ ਸਬਦਿ ਪਛਾਨਿਆ ॥
ਬਹੁ ਬਿਧਿ ਕਰਮ ਕਰਹਿ ਭਾਇ ਦੂਜੈ ਬਿਨੁ ਸਬਦੈ ਬਉਰਾਨਿਆ ॥,
ਸਚਾ ਸਚੁ ਦਾਤਾ ਕਰਮ ਬਿਧਾਤਾ ਜਿਸੁ ਭਾਵੈ ਤਿਸੁ ਨਾਇ ਲਾਏ ॥
ਗੁਰੂ ਦੁਆਰੈ ਸੋਈ ਬੂਝੈ ਜਿਸ ਨੋ ਆਪਿ ਬੁਝਾਏ ॥ (ਪੰਨਾ 1234)
ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥ ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ ॥ (ਪੰਨਾ 1241)
ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥ ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥,
ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ॥ ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ ॥ (ਪੰਨਾ 1242)
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥ ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥ (ਪੰਨਾ 1244)
ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥ (ਪੰਨਾ 1247)
ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥ ਸਚਿ ਸਮਾਵੈ ਏਹੁ ਸਰੀਰੁ ॥ (ਪੰਨਾ 1257)
ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥ ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥ (ਪੰਨਾ 1258)
ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ ॥ ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ ॥ (ਪੰਨਾ 1261)
ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥ ਬਿਖਿਆ ਮੈਲੁ ਬਿਖਿਆ ਵਾਪਾਰੁ ॥
ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥ ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥ (ਪੰਨਾ 1262)
ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ ॥
ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥ (ਪੰਨਾ 1274)
ਕਰਮੁ ਹੋਵੈ ਤਾ ਸਤਿਗੁਰੁ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥
ਸਤਿਗੁਰੁ ਮਿਲਿਐ ਕੰਚਨੁ ਹੋਈਐ ਜਾਂ ਹਰਿ ਕੀ ਹੋਇ ਰਜਾਇ ॥,
ਧਾਤੁਰ ਬਾਜੀ ਸੰਸਾਰੁ ਅਚੇਤੁ ਹੈ ਚਲੈ ਮੂਲੁ ਗਵਾਇ ॥
ਲਾਹਾ ਹਰਿ ਸਤਸੰਗਤਿ ਪਾਈਐ ਕਰਮੀ ਪਲੈ ਪਾਇ ॥ (ਪੰਨਾ 1276)
ਮਨਮੁਖ ਕਾ ਇਹੁ ਬਾਦਿ ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥ (ਪੰਨਾ 1277)
ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥ (ਪੰਨਾ 1279-1280)
ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥ ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥,
ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥ ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥
ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥ (ਪੰਨਾ 1285)
ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥ ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥ (ਪੰਨਾ 1287)
ਨਾਨਕ ਮਾਇਆ ਕਰਮ ਬਿਰਖੁ ਫਲ ਅੰਮ੍ਰਿਤ ਫਲ ਵਿਸੁ ॥ ਸਭ ਕਾਰਣ ਕਰਤਾ ਕਰੇ ਜਿਸੁ ਖਵਾਲੇ ਤਿਸੁ ॥ (ਪੰਨਾ 1290)
ਕਿਆ ਹਮ ਕਿਰਮ ਕਿਆ ਕਰਮ ਕਮਾਵਹਿ ਮੂਰਖ ਮੁਗਧ ਰਖੇ ਪ੍ਰਭ ਤਾਸ ॥
ਅਵਗਨੀਆਰੇ ਪਾਥਰ ਭਾਰੇ ਸਤਸੰਗਤਿ ਮਿਲਿ ਤਰੇ ਤਰਾਸ ॥ (ਪੰਨਾ 1295)
ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ ॥ ਕਰਿ ਭੇਖ ਨ ਪਾਈਐ
ਹਰਿ ਬ੍ਰਹਮ ਜੋਗੁ ਹਰਿ ਪਾਈਐ ਸਤਸੰਗਤੀ ਉਪਦੇਸਿ ਗੁਰੂ ਗੁਰ ਸੰਤ ਜਨਾ ਖੋਲਿ ਖੋਲਿ ਕਪਾਟ ॥ (ਪੰਨਾ 1297)
ਕੋਟਿ ਕਰਮ ਕਰਿ ਦੇਹ ਨ ਸੋਧਾ ॥ ਸਾਧਸੰਗਤਿ ਮਹਿ ਮਨੁ ਪਰਬੋਧਾ ॥ (ਪੰਨਾ 1298)
ਅਨਿਕ ਪੂਜਾ ਮੈ ਬਹੁ ਬਿਧਿ ਖੋਜੀ ਸਾ ਪੂਜਾ ਜਿ ਹਰਿ ਭਾਵਾਸਿ ॥
ਮਾਟੀ ਕੀ ਇਹ ਪੁਤਰੀ ਜੋਰੀ ਕਿਆ ਏਹ ਕਰਮ ਕਮਾਸਿ ॥ (ਪੰਨਾ 1304)

ਪੂਜਾਚਾਰ ਕਰਤ ਮੇਲੰਗਾ ॥ ਚਕ੍ਰ ਕਰਮ ਤਿਲਕ ਖਾਟੰਗਾ ॥ ਦਰਸਨੁ ਭੇਟੇ ਬਿਨੁ ਸਤਸੰਗਾ ॥ (ਪੰਨਾ 1305)
ਸੰਗਤਿ ਸੰਤ ਮਿਲਹੁ ਸਤਸੰਗਤਿ ਮਿਲਿ ਸੰਗਤਿ ਹਰਿ ਰਸੁ ਆਵੈਗੋ ॥
ਬਿਨੁ ਸੰਗਤਿ ਕਰਮ ਕਰੈ ਅਭਿਮਾਨੀ ਕਢਿ ਪਾਣੀ ਚੀਕੜੁ ਪਾਵੈਗੋ ॥ (ਪੰਨਾ 1309)
ਵਡਭਾਗੀ ਜਿਨ ਹਰਿ ਧਿਆਇਆ ਤਿਨ ਸਉਪਿਆ ਹਰਿ ਭੰਡਾਰੁ ॥
ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤ ਹਉਮੈ ਹੋਇ ਖੁਆਰੁ ॥ (ਪੰਨਾ 1314)
ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥ (ਪੰਨਾ 1327)
ਜਾ ਕੈ ਕਰਮੁ ਨਾਹੀ ਧਰਮੁ ਨਾਹੀ ਨਾਹੀ ਸੁਚਿ ਮਾਲਾ ॥ ਸਿਵ ਜੋਤਿ ਕੰਨਹੁ ਬੁਧਿ ਪਾਈ ਸਤਿਗੁਰੂ ਰਖਵਾਲਾ ॥ (ਪੰਨਾ 1328)
ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ॥
ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥ (ਪੰਨਾ 1329)
ਕਹਿਓ ਨ ਬੂਝੈ ਅੰਧੁ ਨ ਸੂਝੈ ਭੋਂਡੀ ਕਾਰ ਕਮਾਈ ॥ ਆਪੇ ਪ੍ਰੀਤਿ ਪ੍ਰੇਮ ਪਰਮੇਸੁਰੁ ਕਰਮੀ ਮਿਲੈ ਵਡਾਈ ॥,
ਅਹਿਨਿਸਿ ਜੀਆ ਦੇਖਿ ਸਮ੍ਹਾਲੈ ਸੁਖੁ ਦੁਖੁ ਪੁਰਬਿ ਕਮਾਈ ॥
ਕਰਮਹੀਣੁ ਸਚੁ ਭੀਖਿਆ ਮਾਂਗੈ ਨਾਨਕ ਮਿਲੈ ਵਡਾਈ ॥ (ਪੰਨਾ 1330)
ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥ (ਪੰਨਾ 1330)
ਕੀਰਤਿ ਕਰਮ ਕਾਰ ਨਿਜ ਸੰਦਾ ॥ ਅੰਤਰਿ ਰਵਤੌ ਰਾਜ ਰਵਿੰਦਾ ॥ (ਪੰਨਾ 1331)
ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ ॥
ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥,
ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥
ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥ (ਪੰਨਾ 1332)
ਜਿਸਹਿ ਨਿਵਾਜੇ ਕਿਰਪਾ ਧਾਰਿ ॥ ਪੂਰਨ ਕਰਮ ਤਾ ਕੇ ਆਚਾਰ ॥ (ਪੰਨਾ 1340)
ਰੈਨਿ ਦਿਨਸੁ ਧਿਆਇ ਹਰਿ ਹਰਿ ਤਜਹੁ ਮਨ ਕੇ ਭਰਮ ॥ ਸਾਧਸੰਗਤਿ ਹਰਿ ਮਿਲੈ ਜਿਸਹਿ ਪੂਰਨ ਕਰਮ ॥ (ਪੰਨਾ 1341)
ਜੈਸਾ ਕਰਮੁ ਤੈਸੀ ਲਿਵ ਲਾਵੈ ॥ ਸਤਿਗੁਰੁ ਪੂਛਿ ਸਹਜ ਘਰੁ ਪਾਵੈ ॥ (ਪੰਨਾ 1342)
ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥ ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥ ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥ ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥ (ਪੰਨਾ 1343)
ਕਰਮ ਧਰਮ ਪ੍ਰਭਿ ਮੇਰੈ ਕੀਏ ॥ ਨਾਮੁ ਵਡਾਈ ਸਿਰਿ ਕਰਮਾਂ ਕੀਏ ॥ (ਪੰਨਾ 1345)
ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥ (ਪੰਨਾ 1345)
ਮਨ ਮੇਰੇ ਗੁਰਮੁਖਿ ਨਾਮੁ ਧਿਆਇ ॥ ਜਿਤੁ ਮਾਰਗਿ ਹਰਿ ਪਾਈਐ ਮਨ ਸੇਈ ਕਰਮ ਕਮਾਇ ॥ (ਪੰਨਾ 1346)
ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ ॥
ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ ॥ (ਪੰਨਾ 1347)
ਮਨਮੁਖ ਕਰਮ ਕਰੈ ਅਜਾਈ ॥ ਜਿਉ ਬਾਲੂ ਘਰ ਠਉਰ ਨ ਠਾਈ ॥ (ਪੰਨਾ 1348)
ਨਿਤਪ੍ਰਤਿ ਇਸਨਾਨੁ ਸਰੀਰੰ ॥ ਦੁਇ ਧੋਤੀ ਕਰਮ ਮੁਖਿ ਖੀਰੰ ॥ ਰਿਦੈ ਛੁਰੀ ਸੰਧਿਆਨੀ ॥ ਪਰ ਦਰਬੁ ਹਿਰਨ ਕੀ ਬਾਨੀ ॥,
ਪਗ ਨਾਚਸਿ ਚਿਤੁ ਅਕਰਮੰ ॥ ਏ ਲੰਪਟ ਨਾਚ ਅਧਰਮੰ ॥ (ਪੰਨਾ 1351)
ਜੋ ਜਾਨਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥ (ਪੰਨਾ 1353)
ਅੰਧਕਾਰ ਸਿਮਰਤ ਪ੍ਰਕਾਸੰ ਗੁਣ ਰਮੰਤ ਅਘ ਖੰਡਨਹ ॥
ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤ ਮਹਾ ਨਿਰਮਲਹ ॥ (ਪੰਨਾ 1355)
ਬ੍ਰਹਮਣਹ ਸੰਗਿ ਉਧਰਣੰ ਬ੍ਰਹਮ ਕਰਮ ਜਿ ਪੂਰਣਹ ॥
ਆਤਮ ਰਤੰ ਸੰਸਾਰ ਗਹੰ ਤੇ ਨਰ ਨਾਨਕ ਨਿਹਫਲਹ ॥ (ਪੰਨਾ 1360)

ਕੀਨੇ ਕਰਮ ਅਨੇਕ ਗਵਾਰ ਬਿਕਾਰ ਘਨ ॥ ਮਹਾ ਦ੍ਰੁਗੰਧਤ ਵਾਸੁ ਸਠ ਕਾ ਛਾਰੁ ਤਨ ॥,
ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ ॥ ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ ॥ (ਪੰਨਾ 1363)
ਸਾਗਰ ਮੇਰ ਉਦਿਆਨ ਬਨ ਨਵ ਖੰਡ ਬਸੁਧਾ ਭਰਮ ॥ ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ ॥ (ਪੰਨਾ 1364)
ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ ॥ ਕਰਮ ਕਰੀਮ ਜੁ ਕਰਿ ਰਹੇ ਮੇਟਿ ਨ ਸਾਕੈ ਕੋਇ ॥ (ਪੰਨਾ 1366)
ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ॥ ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ ॥ (ਪੰਨਾ 1371)
ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ ॥
ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ ॥ (ਪੰਨਾ 1375)
ਕਰਮ ਧਰਮ ਸੰਜਮ ਸੁਚ ਨੇਮਾ ਚੰਚਲ ਸੰਗਿ ਸਗਲ ਬਿਧਿ ਹਾਰੀ ॥
ਪਸੁ ਪੰਖੀ ਬਿਰਖ ਅਸਥਾਵਰ ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥ (ਪੰਨਾ 1388)
ਮਸਤਕਿ ਨੀਸਾਣੁ ਸਚਉ ਕਰਮੁ ਕਲ੍ਯ ਜੋੜਿ ਕਰ ਧ੍ਯਾਇਅਉ ॥
ਪਰਸਿਅਉ ਗੁਰੂ ਸਤਿਗੁਰ ਤਿਲਕੁ ਸਰਬ ਇਛ ਤਿਨਿ ਪਾਇਅਉ ॥ (ਪੰਨਾ 1394)
ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥ ਜਾ ਕੀ ਸੇਵਾ ਸਿਧ ਸਾਧ ਮੁਨਿ ਜਨ ਸੁਰਿ ਨਰ ਜਾਚਹਿ ਸਬਦ ਸਾਰੁ ਏਕ ਲਿਵ ਲਾਈ ਹੈ ॥,
ਮਨ ਪ੍ਰਾਣੀ ਮੁਗਧ ਬੀਚਾਰੁ ਅਹਿਨਿਸਿ ਜਪੁ ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥ (ਪੰਨਾ 1398)
ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ਯ ਭਟ ਜਸੁ ਗਾਇਯਉ ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥ (ਪੰਨਾ 1405)
ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ ॥ ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ ॥,
ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਨਿਰਮਲੁ ਨ੍ਹਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥,
ਜਪੁ ਤਪੁ ਸੰਜਮੁ ਕਮਾਵੈ ਕਰਮੁ ॥ ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥
ਸੋਈ ਬ੍ਰਹਮਣੁ ਪੂਜਣ ਜੁਗਤੁ ॥ (ਪੰਨਾ 1411)
ਦੂਖ ਵਿਸਾਰਣੁ ਸਬਦੁ ਹੈ ਜੇ ਮੰਨਿ ਵਸਾਏ ਕੋਇ ॥ ਗੁਰ ਕਿਰਪਾ ਤੇ ਮਨਿ ਵਸੈ ਕਰਮ ਪਰਾਪਤਿ ਹੋਇ ॥ (ਪੰਨਾ 1413)
ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ ॥
ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ ॥ (ਪੰਨਾ 1416)
ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ ॥
ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥ (ਪੰਨਾ 1417)
ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮ ਰਾਇ ਕੈ ਜਾਂਹੀ ॥ ਗੁਰਮੁਖਿ ਹਛੇ ਨਿਰਮਲੇ ਗੁਰ ਕੈ ਸਬਦਿ ਸੁਭਾਇ ॥ ਓਨਾ ਮੈਲੁ ਪਤੰਗੁ ਨ ਲਗਈ ਜਿ ਚਲਨਿ ਸਤਿਗੁਰ ਭਾਇ ॥ ਮਨਮੁਖ ਜੂਠਿ ਨ ਉਤਰੈ ਜੇ ਸਉ ਧੋਵਣ ਪਾਇ ॥ ਨਾਨਕ ਗੁਰਮੁਖਿ ਮੇਲਿਅਨੁ ਗੁਰ ਕੈ ਅੰਕਿ ਸਮਾਇ ॥ (ਪੰਨਾ 1418)
ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ ॥
ਨਾਨਕ ਲੇਹੁ ਮਿਲਾਇ ਮੈ ਜਾਚਿਕ ਦੀਜੈ ਨਾਮੁ ਹਰਿ ॥ (ਪੰਨਾ 1422)
ਮਨਮੁਖਿ ਹੁਕਮੁ ਨ ਬੁਝੈ ਬਪੁੜੀ ਨਿਤ ਹਉਮੈ ਕਰਮ ਕਮਾਇ ॥ ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥,
ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ ॥
ਨਾਨਕ ਕਰਮੁ ਪਾਇਆ ਤਿਨ ਸਚਾ ਜੋ ਗੁਰ ਚਰਣੀ ਲਗੇ ਆਇ ॥ (ਪੰਨਾ 1423)
ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥ ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥ (ਪੰਨਾ 1425)
ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥ ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ ॥ (ਪੰਨਾ 1426)

ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਕਰਤਾ ਪੁਰਖ ਨੂੰ ਸ਼ਿਵਾ ਦਾ ਨਾਮ ਦੇਕੇ ਉਸ ਤੋਂ ਸਿਰਫ ਤੇ ਸਿਰਫ ਸ਼ੁਭ ਕਰਮ ਹੀ ਕਰਨ ਦਾ ਵਰ ਮੰਗਦੇ ਨੇ।

ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੋਂ ਨ ਟਰੋਂ ॥
ਨਾ ਡਰੋਂ ਅਰਿ ਸਿਉ ਜਬ ਜਾਏ ਲਰੋ ਨਿਸਚੈ ਕਰ ਆਪਨੀ ਜੀਤ ਕਰੋ ॥

ਕਰਤਾ ਪੁਰਖ ਨੂੰ ਸ਼ਿਵ ਦਾ ਨਾਮ ਕਿਉਂ? ਜਦੋਂ ਗੁਰਮਤਿ ਸੱਚ ਉਤੇ ਸ਼ੁਰੂ ਤੋਂ ਵਿਚਾਰ ਕਰਾਂਗੇ ਤਾਂ ਇਸ ਭੇਦ ਨੂੰ ਜਾਣ ਹੀ ਲਵਾਂਗੇ।

ਛੋਟੀ, ਮੋਟੀ ਅਕਲ ਜਾਂ ਸਿਆਣਪ ਵਾਲਿਆਂ ਦੇ ਵੀ ਸਮਝ ਆ ਜਾਣ ਲਈ ਗੁਰਬਾਣੀ ਗੁਰੂ ਨੇ ਸੰਸਾਰ ਤੇ ਕੁਦਰਤ ਦੇ ਅਟੱਲ ਸੱਚ ਨਿਯਮ, ਜਿਸ ਨੂੰ ਅਸੀਂ ਵੇਖਦੇ ਹਾਂ, ਹੰਡਾ ਰਹੇ ਹਾਂ ਦੇ ਹੀ ਪ੍ਰਚੱਤ ਸ਼ਬਦਾਂ ਵਿਚ ਸਾਨੂੰ ਸਮਝਾਇਆ ਹੈ ਕਿ ਜਿਵੇਂ ਕਿਰਸਾਨ ਜੋ ਬੀਜਦਾ ਹੈ, ਉਹ ਹੀ ਆਪਣੇ, ਆਪਣੇ ਪ੍ਰਵਾਰ ਦੇ ਨਿਬਾਹ ਲਈ ਵੱਢਦਾ ਹੈ ਇਵੇਂ ਹੀ ਇਨਸਾਨ ਆਪਣੇ ਕਰਮਾਂ ਨਾਲ ਜੋ ਬੀਜ ਬੀਜਦਾ ਹੈ ਉਹ ਹੀ ਉਸ ਨੂੰ ਕਰਤੇ ਦਾ ਕਾਨੂੰਨ ਆਪਣੀ ਕੁਦਰਤ ਦੁਆਰਾ ਖਾਣ ਲਈ ਨਸੀਬ ਕਰਦਾ ਹੈ। ਕਰਤਾ ਪੁਰਖ ਤੇ ਨਰਵੈਰ ਵੀ, ਨਿਆਂਕਾਰੀ ਵੀ ਤੇ ਨਾ ਕਿਸੇ ਨੂੰ ਆਪ ਦੋਸ਼ ਹੀ ਦੇਣ ਵਾਲਾ ਹੈ। ਬਸ ਉਸ ਦਾ ਕਰਮਾਂ ਅਨੁਸਾਰ ਨਿਆਂ ਕਾਨੂੰਨ ਹੀ ਕਦੇ ਕਿਸੇ ਨੂੰ, ਕਦੇ ਕਿਸੇ ਨੂੰ ਜਮ ਦਾ ਰੂਪ ਕਰਕੇ, ਕਰਮਾਂ ਅਨੁਸਾਰ, ਕਦੇ ਕਿਸੇ ਤੇ ਅਤੇ ਕਦੇ ਕਿਸੇ ਤੇ ਚਾੜ੍ਹਦਾ ਹੈ। ਬਸ ਕੀਤੇ ਦੇ ਫਲ ਲਈ ਪ੍ਰਬੰਧਕ ਕਰਤੇ ਦਾ ਕਾਨੂੰਨ ਹੀ ਸਭ ਨਬੇੜਦਾ ਹੈ। ਇਹ ਹੈ ਕਰਤੇ ਦੀ ਸੱਚ ਹੋਂਦ ਅਤੇ ਉਸ ਦੀ ਸਰਬ ਉਚਤਾ ਦਾ ਸਾਡੇ ਲਈ ਨਿਸ਼ਾਨ।

ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥ (ਪੰਨਾ 37)
ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ (ਪੰਨਾ 360)
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ (ਪੰਨਾ 722-723)
ਏਕੋ ਆਪਿ ਤੂਹੈ ਵਡ ਰਾਜਾ ॥ ਹੁਕਮਿ ਸਚੇ ਕੈ ਪੂਰੇ ਕਾਜਾ ॥
ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ ॥ (ਪੰਨਾ 1074)
ਦੁਨੀਆ ਧੰਧੈ ਲਾਇ ਆਪੁ ਛਪਾਇਆ ॥ ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥ (ਪੰਨਾ 1279-1280)

ਪੁੰਨੀ ਜਾਂ ਪਾਪੀ ਕੋਈ ਖਿਆਲੀ ਕਹਿਣ ਦੇ ਨਾਮ ਨਹੀਂ ਸਗੋਂ ਇਨਸਾਨ ਵੱਲੋਂ ਆਪਣੇ ਚੰਗੇ ਜਾਂ ਮੰਦੇ ਕਰਮਾਂ ਨਾਲ ਕੀਤੇ ਹੋਏ ਕਿਰਦਾਰ-ਨਾਮ ਹਨ। ਆਹ ਵੇਖੋ ਕਾਦਰ ਵਲੋਂ ਆਪਣੀ ਕੁਦਰਤ ਵਿਚ ਕੀਤੇ ਕਾਨੂੰਨ ਵਾਰੇ ਆਪਣੇ ਗੁਰੂ ਦੇ ਸਚ ਫੁਰਮਾਨ ਕਿ ਕਰਮਾਂ ਦੁਆਰਾ ਜੋ ਬੀਜਿਆ ਹੈ ਉਹ ਹੀ ਖਾਣ ਨੂੰ, ਭੋਗਣ ਨੂੰ ਨਸੀਬ ਹੋਣਾਂ ਹੈ:

ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥ (ਪੰਨਾ 4)
ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ ॥
ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ॥ (ਪੰਨਾ 23)
ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥
ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ ॥ (ਪੰਨਾ 78)
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (ਪੰਨਾ 134)
ਕਰਮ ਭੂਮਿ ਮਹਿ ਬੋਅਹੁ ਨਾਮੁ ॥ ਪੂਰਨ ਹੋਇ ਤੁਮਾਰਾ ਕਾਮੁ ॥ (ਪੰਨਾ 176)
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥
ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥ (ਪੰਨਾ 368)
ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥
ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ ॥ (ਪੰਨਾ 481)
ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ ॥ ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥ (ਪੰਨਾ 706)
ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥ (ਪੰਨਾ 730)
ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ ॥

ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥ (ਪੰਨਾ 743)
ਬੀਜ ਮੰਤ੍ਰੁ ਹਰਿ ਕੀਰਤਨੁ ਗਾਉ ॥ ਆਗੈ ਮਿਲੀ ਨਿਥਾਵੇ ਥਾਉ ॥ (ਪੰਨਾ 891)
ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥ ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥ (ਪੰਨਾ 987)
ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥
ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥
ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ (ਪੰਨਾ 947)
ਨਾਉ ਬੀਜੁ ਬਖਸੀਸ ਬੋਹਲ ਦੁਨੀਆ ਸਗਲ ਦਰੋਗ ॥ ਨਾਨਕ ਨਦਰੀ ਕਰਮੁ ਹੋਇ ਜਾਵਹਿ ਸਗਲ ਵਿਜੋਗ ॥ (ਪੰਨਾ 955)
ਤਨੁ ਧਰਤੀ ਹਰਿ ਬੀਜੀਐ ਵਿਚਿ ਸੰਗਤਿ ਹਰਿ ਪ੍ਰਭ ਰਾਖੁ ॥
ਅੰਮ੍ਰਿਤੁ ਹਰਿ ਹਰਿ ਨਾਮੁ ਹੈ ਗੁਰਿ ਪੂਰੈ ਹਰਿ ਰਸੁ ਚਾਖੁ ॥ (ਪੰਨਾ 997)
ਕੁਰੁਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ ॥ (ਪੰਨਾ 1075)
ਜੈਸੇ ਧਰਤੀ ਸਾਧੈ ਬਹੁ ਬਿਧਿ ਬਿਨੁ ਬੀਜੈ ਨਹੀ ਜਾਂਮੈ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ਹੈ ਤੁਟੈ ਨਾਹੀ ਅਭਿਮਾਨੈ ॥ (ਪੰਨਾ 1205)
ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ ॥ ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥ (ਪੰਨਾ 1243)
ਹਉਮੈ ਕਰੈ ਕਰਾਵੈ ਹਉਮੈ ਪਾਪ ਕੋਇਲੇ ਆਨਿ ਜਮਾਵੈਗੋ ॥
ਆਇਆ ਕਾਲੁ ਦੁਖਦਾਈ ਹੋਏ ਜੋ ਬੀਜੇ ਸੋ ਖਵਲਾਵੈਗੋ ॥ (ਪੰਨਾ 1311)
ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ ॥ ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ ॥ (ਪੰਨਾ 1376)
ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥ ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥ (ਪੰਨਾ 1379)
ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥ (ਪੰਨਾ 1411)
ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥
ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ ॥ (ਪੰਨਾ 1417)

ਗੁਰਮਤਿ ਅਤੇ ਮਨਮਤਿ ਦੇ ਮਾਰਗ ਵਿਚ ਫੈਸਲਾ ਅਤੇ ਨਖੇੜਾ ਕਰਮ-ਕਾਰ ਜੋ ਕਿਸੇ ਵੀ ਕੀਮਤ ਤੇ ਇਕ ਗੁਰਸਿਖ ਨੂੰ ਨਾ ਕਰਨ ਕਰਕੇ ਹੀ ਗੁਰੂ ਉਸ ਨੂੰ ਆਪਣਾਂ ਸੇਵਕ ਇਨਸਾਨ ਜਾਂ ਸਿਖ, ਗੁਰਸਿਖ ਸਵਿਕਾਰਦਾ ਹੈ, ਜਿਸ ਦਾ ਸਥਾਨ ਕਰਮਾਂ ਮੁਤਾਬਕ ਕਰਤੇ ਦੇ ਨਿਆਂ-ਕਾਨੂੰਨ ਉਤੇ ਵਿਚਾਰ ਕਰਦਿਆਂ ਸੱਭ ਤੋਂ ਉਪਰ ਹੈ, ਦਾ ਜਿਕਰ ਇਥੇ ਅੰਕਤ ਕਰ ਰਹੇ ਹਾਂ।

ਜਦੋਂ ਸੰਸਾਰ ਦੇ ਮਨੁਖੀ ਇਤਿਹਾਸ ਉਤੇ ਖੋਜ ਪੜਤਾਲ ਕਰਦੇ ਹਾਂ ਤਾਂ ਹੋਈ ਮਨੁਖੀ ਸੱਭਿਆਤਾ ਵਿਚ ਦੋ ਮੁਖ ਮੁੰਢਲੇ ਮਨੁਖੀ ਸੁਭਾਵਾਂ ਨੂੰ ਵੇਖਦੇ ਹਾਂ। ਇਕ ਕਿਸੇ ਅਗਿਆਤ ਨਿਰਾਕਾਰ ਸ਼ਕਤੀ ਨੂੰ ਰੱਬ ਜਾਣਦੇ ਹਨ। ਆਪਸ ਵਿਚ ਬਰਾਬਰੀ, ਭਰਾਰਤੀ ਪਿਆਰ, ਦੂਜਿਆਂ ਦੀ ਰੱਖਿਆ ਜਾਂ ਨੇਕੀ ਲਈ ਖਾੜਕੂ ਇਨਕਲਾਬੀ ਸੁਭਾਅ ਦੇ ਮਾਲਕ ਹਨ। ਪਰ ਧਰਮ ਦੇ ਨਾਮ ਉਤੇ ਪੱਥਰਾਂ ਆਦਿ ਦੇ ਬੁੱਤਾਂ ਅਤੇ ਇਨਾਂ ਦੀ ਪੂਜਾ ਕਰਨ ਵਾਲਿਆਂ ਨਾਲ ਅਤਿ ਦੀ ਨਫਰਤ ਕਰਨ ਵਾਲੇ ਸਾਹਮਣੇ ਆਉਂਦੇ ਹਨ। ਦੂਜੇ ਹਨ ਰੱਬ ਦੇ ਨਾਮ ਉਤੇ ਪੱਥਰ ਆਦਿ ਦੇ ਬੁੱਤਾਂ ਦੀ ਅਤੇ ਆਪਣੀ ਪੂਜਾ ਕਰਵਾਣ ਵਾਲੇ।

ਸੰਸਾਰ ਦੇ ਧਰਮ ਇਤਿਹਾਸ ਵਿਚ ਈਸਵੀ ਸਦੀ ਤੋਂ ਪਹਿਲੇ 1350 ਸੰਨ ਦੋਰਾਨ ਪਹਿਲਾ ਬਾਦਸ਼ਾਹ ਐਸ਼ਨਾਟੋਨ (Eschnaton) ਹੋਇਆ ਹੈ ਜਿਸ ਵੱਲੋਂ ਉਦੋਂ ਆਪਣੇ ਦੇਸ਼ ਅਜਿਪਟ (ਮਿਸਰ) ਵਿਚ ਮੂਰਤੀ ਪੂਜਾ ਦੀ ਸਿਖਰ ਨੂੰ ਢੱਲ ਪਾਈ। ਇਸ ਦਾ ਖੰਡਨ ਕੀਤਾ ਅਤੇ ਇਸ ਦੁਆਰਾ ਨੂਰ ਜਾਂ ਰੌਸ਼ਣੀ ਦੇ ਰੂਪ ਵਿਚ ਇਕ ਰੱਬ (Aton ) ਫਲਾਸਫੀ ਦਾ ਪਹਿਲਾ ਕਾਵਿਕ ਧਰਮ ਗ੍ਰੰਥ ਹੋਂਦ ਵਿਚ ਆਇਆ। ਪਰ ਇਸ ਨੂੰ ਮੰਨਣ ਵਾਲਿਆਂ ਦੀਆਂ ਆਉਂਦੀਆਂ ਪੀੜੀਆਂ ਵੱਲੋਂ ਸੂਰਜ ਦੀਆਂ ਦੀਵਾਰਾਂ ਵਿਚ ਤਸਵੀਰਾਂ ਖੋਦਕੇ ਆਪਣੀਂ ਸੰਤਾਨ ਤੋਂ ਉਨਾਂ ਦੀ ਪੂਜਾ ਕਰਵਾਣੀ ਸ਼ੁਰੂ ਕਰਵਾ ਦਿੱਤੀ ਗਈ।

ਇਸ ਪਹਿਲੇ ਧਰਮ ਗ੍ਰੰਥ ਵਿਚੋਂ ਲੈਕੇ ਪੁਰਾਤਨ ਇਜ਼ਰਾਈਲੀਆਂ ਅਤੇ ਇਸਾਈਆਂ ਵੱਲੋਂ ਆਪਣੇ ਧਰਮ ਗ੍ਰੰਥਾਂ ਪਵਿਤ੍ਰ ਤੋਰਾ (Tora) ਅਤੇ ਪਵਿਤ੍ਰ ਬਾਇਬਲ (Die Bibel) ਵਿਚ ਕੀਤਾ ਮਿਲਦਾ ਹੈ।

ਜਦੋਂ ਓਲਡ ਟੈਸਟਾਮੈਂਟ ਬਾਇਬਲ ਜੋ ਯਹੂਦੀਆਂ ਦਾ ਵੀ ਮੂਲ ਧਰਮ ਗ੍ਰੰਥ ਹੈ, ਨੂੰ ਪੜ੍ਹਦੇ ਹਾਂ ਤਾਂ ਵੇਖਦੇ ਹਾਂ ਕਿ ਮੂਸੇ ਦੇ ਵਡੇਰਿਆਂ ਨੂੰ, ਮੂਸੇ ਨੂੰ ਅਤੇ ਉਸ ਦੀ ਹੋਣ ਵਾਲੀ ਸੰਤਾਨ ਨੂੰ ਇਕ ਅਵਾਜ ਬਣਿਆ ਜਾਹਵੇ (Jahwe) ਨਾਮ ਦਾ ਆਪਣੇ ਆਪਨੂੰ ਉਨਾਂ ਦਾ ਰੱਬ ਦੱਸਣ ਵਾਲਾ, ਉਨਾਂ ਨੂੰ ਆਪਣੀ ਅਗਵਾਈ ਵਿਚ ਲੈਂਦਾ ਹੈ।

Jes 42,8: ਮੈਂ ਜਾਹਵੇ (Jahwe) ਹਾਂ। ਇਹ ਹੀ ਮੇਰਾ ਨਾਮ ਹੈ। ਇਹ ਜਾਹਵੇ ਨਾਂ ਦਾ ਰੱਬ ਯਹੂਦੀਆਂ ਨੂੰ ਮਨੁਖ ਜਾਤੀ ਵਿਚੋਂ ਆਪਣੀ ਸੰਤਾਨ ਵਜੋਂ ਚੁਣੇ ਹੋਏ (Gottes auserwaehltes Volk) ਐਲਾਨਦਾ ਹੈ। (1. Petr 29, Jes 43,20)

ਯਹੂਦੀਆਂ ਦਾ ਇਹ ਬੋਲਦਾ ਰੱਬ ਉਦੋਂ ਕਾਮ ਵੱਸ ਕਿਰਦਾਰ ਪਖੋਂ ਅਤਿ ਗਿਰ ਚੁੱਕੇ ਲੋਕਾਂ ਲਈ ਮੂਸੇ ਦੁਆਰਾ ਚੰਗੇ, ਮੰਦੇ ਕਰਮ ਗਿਣਾਕੇ, ਮਾੜੇ ਕਰਮਾਂ ਦੀ ਸਜਾ ਲਈ ਦੁਨਿਆਵੀ ਕਾਨੂੰਨ ਘੜਦਾ ਹੈ ਅਤੇ ਭਵਿਖ ਵਿਚ ਵਾਪਰਨ ਵਾਰੇ ਅਗਾਓਂ ਜਾਣਕਾਰੀ ਵੀ ਬਹੁਤ ਬਰੀਕੀ ਵਿਚ ਜਾਕੇ ਅੰਕਤ ਕਰਵਾਂਦਾ ਹੈ। ਇਸ ਨੂੰ ਸਵਿਧਾਨ ਵੱਜੋ ਅਪਣੇ ਅਤੇ ਸੰਸਾਰ ਦੇ ਬਾਕੀ ਲੋਕਾਂ ਉਤੇ ਲਾਗੂ ਕਰਵਾਂਦਾ ਹੈ। ਇਹ ਜਾਹਵੇ ਨਾਂ ਦਾ ਰੱਬ ਪੁਰਾਤਨ ਇਜ਼ਰਾਲੀਆਂ ਨੂੰ, ਓਸ ਲਈ ਵੱਖ ਵੱਖ ਪਸ਼ੂਆ ਦੀ ਪਹਿਲੀ ਬਿਨਾਂ ਕਿਸੇ ਗਲਤੀ ਦੇ ਪੈਦਾ ਕੁਆਰੀ ਸੰਤਾਨ ਦੀਆਂ ਬਲੀਆਂ ਦੇਣ ਦੀਆਂ ਵਿਸ਼ੇਸ਼ ਵਿਧੀਆਂ ਵੀ ਦਸਦਾ ਹੈ। ਜਿਨਾਂ ਨੂੰ ਪੂਰਾ ਕਰਨ ਦੁਆਰਾ ਮੂਸਾ, ਉਸ ਦੇ ਵਡੇਰੇ ਅਤੇ ਉਸ ਦੀ ਆਉਣ ਵਾਲੀ ਸੰਤਾਨ, ਜਾਹਵੇ ਨੂੰ ਬੋਲਕੇ ਉਨਾਂ ਦੀ ਅਗਵਾਈ ਕਰਨ ਲਈ ਸੱਦਦੀ ਹੈ। ਉਹ ਬੱਦਲ ਜਾਂ ਰੌਸ਼ਨੀ ਵਿਚ ਅਵਾਜ ਬਣਕੇ ਉਨਾਂ ਨੂੰ ਸਣਾਈ ਦੇਂਦਾ ਹੈ। ਓਲਡ ਟੈਸਟਾਮੈਂਟ ਬਾਇਬਲ ਵਿਚ ਸੱਭ ਤੋਂ ਵਸ਼ੇਸ਼ ਇਹ ਹੈ: ਆਪਣੇ ਆਪਨੂੰ ਅਜ਼ਰਾਈਲੀਆਂ ਦਾ ਜਾਹਵੇ ਨਾਂ ਦਾ ਰੱਬ ਦੱਸਣ ਵਾਲਾ, ਬੁੱਤ ਪੂਜਾ ਅਤੇ ਬੁੱਤ ਪੂਜਕਾਂ ਨੂੰ ਬੜੇ ਹੀ ਗੁਸੇ ਵਿਚ ਵਾਰ ਵਾਰ ਨਿੰਦਦਾ ਹੈ। ਉਦੋਂ ਦੇ ਸਿਖਰ ਬੁੱਤ ਪੂਜਕ ਅਜਿਪਟ ਦੇ ਬਾਦਸ਼ਾਹਾਂ (Pharao) ਅਤੇ ਲੋਕਾਂ ਨੂੰ ਇਥੋਂ ਤੱਕ ਕਿ ਸਣੇ ਜਨਾਨੀਆਂ ਅਤੇ ਬੱਚਿਆਂ ਦੇ ਸਦੀਵੀ ਖਾਤਮੇ ਲਈ ਹਰ ਯਤਨ ਕਰਦਾ ਹੈ ਅਤੇ ਸੁੰਨਤ ਦੇ ਇਕਰਾਰ ਨਾਲ ਆਪਣੇ ਕੀਤੇ ਲੋਕ ਇਜ਼ਰਾਈਲੀਆਂ ਤੋਂ ਉਦੋਂ ਬਾਬੀਲੋਨ (Babylon) ਨਾਂ ਥੱਲੇ ਰਹਿ ਰਹੇ ਇਨਾਂ ਪੱਥਰ ਪੂਜਕ ਬਿਪਰਨਾਂ ਦੇ ਸਦੀਵੀ ਖਾਤਮੇ ਲਈ ਹਰ ਯਤਨ ਕਰਵਾਂਦਾ ਹੈ।

Ex 23,24: ਤੂੰ ਨਾ ਬੁੱਤ ਪੂਜਾ ਕਰਨੀ ਹੈ ਅਤੇ ਨਾ ਹੀ ਬੁੱਤ ਪੁਜਾਰੀਆਂ ਦੀ ਸੇਵਾ ਕਰਨੀ ਹੈ ਅਤੇ ਨਾ ਹੀ ਉਨਾਂ ਵਾਂਗਰ ਉਨਾਂ ਦੀ ਰੀਤ ਦਾ ਕੋਈ ਕਰਮ ਕਰਨਾ ਹੈ। ਸਗੋਂ ਉਨਾਂ ਦੇ ਬੁੱਤਾਂ ਨੂੰ ਉਖਾੜਨਾ ਅਤੇ ਭੰਨਣਾਂ ਹੈ।

Lev 26,1: ਤੁਸਾਂ ਨੇ ਪੂਜਾ ਲਈ ਬੁੱਤ ਨਹੀਂ ਤਿਆਰ ਕਰਨੇ। ਰੱਬ ਨੂੰ ਕਿਸੇ ਪੱਥਰ ਬੁੱਤ ਦੀ ਸੂਰਤ ਵਿਚ ਨਹੀਂ ਕਰਨਾਂ। ਆਪਣੇ ਦੇਸ਼ ਵਿਚ ਬੁੱਤਾਂ ਦੀ ਪੂਜਾ ਲਈ ਸਥਾਨ ਨਹੀਂ ਹੋਣ ਦੇਣੇ। ਕਿਉਂ ਕਿ ਮੈਂ ਸ੍ਰੀ ਮਾਨ (Herr) ਤੁਸਾਂ ਦਾ ਰੱਬ ਹਾਂ।

Jes 44,9: ਬੁੱਤਾਂ ਦੀ ਬੇਬਸੀ, ਲਾਚਾਰੀ: ਬੁੱਤਾਂ ਨੂੰ ਘੜ੍ਹਨ ਵਾਲੇ ਨਾ ਹੋਣ ਦੇ ਬਰਾਬਰ ਹਨ। ਇਨਾਂ ਦੇ ਪਿਆਰੇ ਬੁੱਤ ਇਨਾਂ ਲਈ ਕਿਸੇ ਤਰਾਂ ਵੀ ਲਾਹੇਬੰਦ ਨਹੀ। ਜਿਹੜਾ ਬੁੱਤਾਂ ਨੂੰ ਪੂਜਦਾ ਹੈ, ਉਹ ਅੰਨ੍ਹਾਂ ਹੈ।

Hab 2,18-20: ਬੁੱਤ ਪੂਜਾਰੀਆਂ ਵਾਰੇ: ਉਹ ਬੁੱਤ ਜਿਸ ਨੂੰ ਇਕ ਬੁੱਤ ਤਰਾਸ਼ ਤਿਆਰ ਕਰਦਾ ਹੈ, ਕਿਸੇ ਦੀ ਕੀ ਮੱਦਦ ਕਰ ਸਕਦਾ ਹੈ। ਕੀ ਕੋਈ ਬੁੱਤ ਤਰਾਸ਼ ਕਿਸੇ ਗੁੰਗੇ ਬੁੱਤ ਤੋਂ ਕੋਈ ਮੱਦਦ ਦੀ ਆਸ ਰੱਖ ਸਕਦਾ ਹੈ, ਜਿਸ ਨੂੰ ਉਸ ਨੇ ਖੁਦ ਤਿਆਰ ਕੀਤਾ ਹੈ।

Ez 30,13: ਸ੍ਰੀ ਮਾਨ ਰੱਬ ਇਵੇਂ ਫਰਮਾਂਦਾ ਹੈ: ਮੈਂ ਬੁੱਤਾਂ ਨੂੰ ਤਬਾਹ ਕਰ ਦੇਵਾਂਗਾ। ਮੇਮਫੀਸ (Memfis) ਵਿਚੋਂ ਬੁੱਤ ਪੂਜਾ ਨੂੰ ਖਤਮ ਕਰ ਦੇਵਾਂਗਾ ਅਤੇ ਮਿਸਰ ਤੇ ਰਾਜ ਕਰਨ ਵਾਲਾ ਕੋਈ ਬਾਕੀ ਨਹੀਂ ਰਹਿਣ ਦੇਵਾਂਗਾ। ਮੈਂ ਮਿਸਰ ਦੇਸ਼ ਨੂੰ ਭੈਭੀਤ ਕਰ ਦੇਵਾਂਗਾ।

Offb 9,20: ਪਰ ਬਾਕੀ ਬੁੱਤ ਪੂਜਕ ਜੋ ਦਿੱਤੇ ਸਰਾਪਾਂ ਤੋਂ ਬਚ ਗਏ ਸਨ, ਓਹ ਆਪਣੇ ਹੱਥੀਂ ਬਣਾਏ ਤਰਾਂ ਤਰਾਂ ਦੇ ਬੁੱਤਾਂ ਨੂੰ ਪੂਜਣ ਤੋਂ ਬਾਜ ਨਾ ਆਏ। ਉਹ ਰੱਬ ਦੇ ਨਾਮ ਉਤੇ ਦੇਵੀ ਦੇਵਤਿਆਂ ਦੇ ਸੋਨੇ, ਚਾਂਦੀ, ਪਿੱਤਲ, ਪੱਥਰ ਅਤੇ ਲੱਕੜਾਂ ਤੋਂ ਪੂਜਾ ਲਈ ਬੁੱਤ ਬਣਾਉਣੋਂ ਨਾ ਹਟੇ, ਜੋ ਨਾ ਵੇਖ, ਨਾ ਸੁਣ ਅਤੇ ਨਾ ਤੁਰ ਸਕਦੇ ਨੇ।

EX 20, 1: ਤੂੰ ਰੱਬ ਨੂੰ ਕਿਸੇ ਵੀ ਤਰਾਂ ਦੀ ਸ਼ਕਲ ਨਹੀਂ ਕਰਨਾ।

Dtn 4,16: ਰੱਬ ਨੂੰ ਕਿਸੇ ਆਦਮੀ ਜਾਂ ਤੀਵੀਂ ਦੀ ਤਸਵੀਰ ਜਾਂ ਬੁੱਤ ਦੀ ਸ਼ਕਲ ਦੇਕੇ, ਇਨਾਂ ਦੀ ਪੂਜਾ ਨਾਲ ਆਪਣੀ ਬਰਬਾਦੀ ਦਾ ਰਾਹ ਨਾ ਚੁਣ।

ਇਸ ਅਵਾਜ ਬਣਕੇ ਅਗਵਾਈ ਕਰਦੇ ਅਤੇ ਆਪਣੇ ਆਪਨੂੰ ਰੱਬ ਦੱਸਦੇ ਜਾਹਵੇ ਵੱਲੋਂ ਮੂਸੇ ਨੂੰ ਦਿੱਤੀ ਗਈ ਤਖਤੀ ਵੀ ਦਰਸਾਈ ਗਈ ਹੈ ਜਿਨਾਂ ਤੇ ਕਈ ਨਾ ਕਰਨ ਵਾਲੇ ਅਤੇ ਕਰਨ ਵਾਲੇ ਕਰਮਾਂ ਦਾ ਜਿਕਰ ਹੈ। ਜੋ ਮਗਰੋਂ 10 ਕਰਨ ਜਾਂ ਨਾ

ਕਰਨ-ਉਪਦੇਸ਼ (Zehn Gebote) ਵਜੋਂ ਇਸਾਈ ਧਰਮ ਅਤੇ ਜੀਵਨ ਜਾਚ ਦਾ ਮੁਖ ਅਧਾਰ ਬਣੇ। (Ex 20.1-21) ਇਹ ਉਦਾਹਰਣਾਂ ਸਿਧੀ ਜਰਮਨ ਭਾਸ਼ਾ ਦੀ ਪਵਿਤ੍ਰ ਬਾਇਬਲ ਵਿਚੋਂ ਅਨੁਵਾਦ ਕੀਤੀਆਂ ਗਈਆਂ ਹਨ।

ਇਸ ਏਬਰਾਹੀਮ ਪਿਤਾ ਪੁਰਖ ਸੰਤਾਨ-ਸ਼ਾਖ ਵਿਚੋਂ ਹੀ ਬਾਇਬਲ ਨੂੰ ਮੰਨਣ ਵਾਲੇ ਇਸਾਈ ਹਨ। ਬਾਇਬਲ ਸੰਸਾਰ ਦੀ ਸਿਰਜਣਾਂ ਤੋਂ ਪਹਿਲੇ ਨਿਰਾਕਾਰ ਸਰਬ ਸ਼ਕਤੀਮਾਨ ਰੱਬ ਦੇ ਇਕ ਸ਼ਬਦ ਦੀ ਹੋਂਦ ਅਤੇ ਇਸ ਤੋਂ ਸ੍ਰਿਸ਼ਟੀ, ਜੀਵ ਅਤੇ ਇਕ ਇਨਸਾਨ ਜਾਤ ਦੀ ਸਿਰਜਣਾਂ ਨੂੰ ਬਿਆਨ ਕਰਦੀ ਹੈ। ਚੰਗੇ ਮੰਦੇ ਕਰਮਾਂ ਅਤੇ ਇਨਾਂ ਦੇ ਨਬੇੜੇ-ਫਲ ਲਈ ਕਿਆਮਤ ਦੇ ਦਿਨ ਅਦਾਲਤ ਦਾ ਹੋਣਾਂ ਵੀ ਯਹੂਦੀ ਧਰਮ ਵਾਂਗ ਹੀ ਬਖਿਆਨ ਕਰਦੀ ਹੈ। ਬਾਕੀ ਸਭ ਇਕ ਕਹੇ ਦਾ ਅੱਗੇ ਆਪੇ ਵਿਰੋਧ ਅਤੇ ਦੋ ਧਾਰੀ ਦੁਬਦਾ ਖੜ੍ਹੀ ਕਰਦੀ ਹੈ। ਨਿਰਾਕਾਰ ਰੱਬ ਨੂੰ ਕਿਸੇ ਪ੍ਰਕਾਰ ਦਾ ਬੁੱਤ ਜਾਂ ਤਸਵੀਰ ਕਰਨਾਂ ਮਨ੍ਹਾਂ ਕਰਦੀ ਹੈ। ਪਰ ਇਸਾਈ  ਧਰਮ, ਧਰਮ ਗ੍ਰੰਥ ਅਤੇ ਸਮਾਜ ਦੀ ਸਿਰਜਣਾਂ ਕਰਨ ਵਾਲੇ ਜਾਣਦੇ ਸਨ ਕਿ ਨਿਰਾਕਾਰ ਰੱਬ ਲਈ ਸਿਰਫ ਸ਼ਬਦ-ਵਾਇਬਲ ਦੁਆਰਾ ਲੋਕਾਂ ਨੂੰ ਬਹਤਤਦਾਦ ਵਿਚ ਆਪਣੇ ਨਾਲ ਜੋੜਨਾਂ ਸੰਭਵ ਨਹੀ ਹੈ। ਕਿਉਂਕਿ ਉਹ ਇਜ਼ਰਾਈਲੀਆਂ ਨੂੰ, ਜਿਨਾਂ ਵਿਚੋਂ ਉਹ ਸਨ, ਵੇਖ ਚੁੱਕੇ ਸਨ ਕਿ ਇਨਸਾਨੀ ਮਨ ਨੂੰ ਰੱਬ ਦੇ ਨਾਮ ਉਤੇ ਭਰਮਾਕੇ ਕਿਸੇ ਬੁੱਤ ਜਾਂ ਮੂਰਤ ਨਾਲ ਜੋੜ ਦੇਣਾਂ ਕਿਤੇ ਅਸਾਨ ਹੈ। ਇਨਾਂ ਵੱਲੋਂ ਵੱਧੋ ਵੱਧ ਆਪਣੇ ਪਿਛੇ ਕਰਨ ਲਈ ਅਤੇ ਸੰਸਾਰ ਧਰਮਾਂ ਉਤੇ ਆਪਣੀ ਸਰਦਾਰੀ ਦਰਸਾਉਣ ਲਈ ਆਪਣੇ ਗੁਰੂ ਜੀਸਸ ਨੂੰ ਉਸ ਦੇ ਹੀ ਕਹੇ ਦੇ ਉਲਟ, ਰੱਬ ਦਾ ਪੁੱਤ ਐਲਾਨ ਕਰਕੇ, ਉਸ ਦੇ ਬੁੱਤ, ਮੂਰਤ ਅਤੇ ਇਨਾਂ ਨਾਲ ਅਣਿਗਿਣਤ ਹੋਰ ਬੁੱਤ ਅਤੇ ਮੂਰਤਾਂ ਆਪਣੇ ਚਰਚਾਂ ਵਿਚ ਨਿਰਾਕਾਰ ਰੱਬ ਅੱਗੇ ਖੜੀਆਂ ਕਰ ਦਿੱਤੀਆਂ ਅਤੇ ਕਾਥੋਲਿਕ ਚਰਚ ਵਲੋਂ ਆਪਣੇ ਧਰਮ ਦੇ ਅਨੁਯਾਈਆਂ ਤੋਂ ਇਨਾਂ ਬੁੱਤਾਂ ਮੂਰਤਾਂ ਦੀ ਪੂਜਾ ਕਰਵਾਣੀ ਸ਼ੁਰੂ ਕਰਵਾ ਦਿੱਤੀ। ਇਸ ਕਾਰ ਦੁਅਰਾ ਇਸਾਈਆਂ ਨੂੰ ਆਪਣੇ ਅਸਲ ਨਿਰਾਕਾਰ ਰੱਬ ਦੀ ਪਹਿਚਾਣ ਅਤੇ ਉਸ ਨਾਲ ਜੁੜਨ ਦੀ ਥਾਂ, ਸਮੂਹ ਨੂੰ ਜੂਨਾਂ ਦੇ ਨਾ ਮੁਕਣ ਵਾਲੇ ਭੰਵਰ ਲਈ ਰੋਹੜ ਦਿੱਤਾ ਗਿਆ। ਆਪਣੇ ਹੀ ਗੁਰੂ ਨੂੰ ਅਤੇ ਉਨਾਂ ਦੇ ਗਰੀਬ ਪਰ ਗ੍ਰਹਿਸਤ ਜੀਵਨ ਦੇ ਜੱਤ ਸੱਤ ਧਾਰਨੀ ਮਾਂ ਬਾਪਨੂੰ ਅਤੇ ਨਿਰਾਕਾਰ ਰੱਬ ਨੂੰ ਝੂਠ ਦੇ ਸਹਾਰੇ ਅਤਿ ਅਪਮਾਨਤ ਕਰਨ ਲਈ ਈਸਾ ਨੂੰ ਕੁਆਰੀ ਮਾਂ ਦੀ ਕੁਖੋਂ ਨਿਰਾਕਾਰ ਰੱਬ ਵਲੋਂ ਮਾਂ ਮਰੀਅਮ ਦੀ ਸਹਿਮਤੀ ਨਾਲ ਜਾਂ ਜਬਰ ਜਨਾਹ ਕਰਕੇ ਪੈਦਾ ਕੀਤਾ, ਮੂਸੇ ਵਾਂਗ ਹਰਾਮਦਾ ਐਲਾਨ ਦਿੱਤਾ। ਨਿਰਾਕਾਰ ਰੱਬ ਦੀ ਸੰਸਾਰ ਉਤੇ ਹੋਂਦ ਦੇ ਪ੍ਰਤੀਕ, ਸ਼ਾਂਤਚਿਤ ਸ਼ਹਾਦਤ ਦੇ ਮਾਰਗ ਨੂੰ ਵੀ ਨਿੰਦਣਾਂ ਸ਼ੁਰੂ ਕਰ ਦਿੱਤਾ। ਚੰਦ ਤੇ ਪੈਰ ਧਰ ਲੈਣ ਅਤੇ ਅਤਿ ਦੂਰ ਦੋਰਾਡੇ ਦੇ ਗ੍ਰੈਹਾਂ ਤੱਕ ਖੋਜ ਲਈ ਆਪਣੇ ਉਡਣ ਗਠੋਲੇ, ਆਪਣੀ ਸਿਆਣਪ ਨਾਲ ਪਹੁੰਚਾ ਦੇਣ ਵਾਲੇ ਸ਼ੈਤਾਨ ਦੀ ਹੋਂਦ ਨੂੰ ਮੰਨਦੇ, ਆਪਣੇ ਹੀ ਰੱਬ ਨੂੰ ਚੋਰ ਦਰਵਾਜੇ ਕੁਆਰੀ ਨਾਲ ਸੰਭੋਗ ਕਰਕੇ, ਸੰਤਾਨ ਪੈਦਾ ਕਰ ਦੇਣ ਵਾਲਾ ਸ਼ੈਤਾਨ ਐਲਾਨ ਕਰ ਗਏ। ਯਹੂਦੀਆਂ ਦਾ ਰੱਬ ਤਾਂ ਉਨਾਂ ਤੋਂ ਪਸ਼ੂਆਂ ਦੀਆਂ ਬਲੀਆਂ ਮੰਗਦਾ ਸੀ। ਪਰ ਕਰਮ ਚੰਗੇ ਕਰਨ ਲਈ ਮਜ਼ਬੂਰ ਕਰਦਾ ਸੀ। ਕਾਥੋਲਕ ਚਰਚ ਵਲੋਂ ਆਪਣੇ ਰੱਬ ਨੂੰ ਕੁਅਰੀਆਂ ਨਾਲ ਜਬਰੀ ਜਾਂ ਸਹਿਮਤੀ ਨਾਲ ਕੁਕਰਮ ਕਰਕੇ ਆਪਣਾਂ ਪੁਤ ਪੈਦਾ ਕਰਦਾ ਐਲਾਨ ਦਿੱਤਾ। ਜੇ ਸੱਚੇ ਰੱਬ ਨੇ ਹੀ ਸਿਧੀ ਸੰਤਾਨ ਪੈਦਾ ਕਰਨੀ ਹੁੰਦੀ ਤਾਂ ਉਹ ਮਰਦ ਨੂੰ ਪੈਦਾ ਹੀ ਨਾ ਕਰਦਾ। ਕੋਈ ਨਹੀਂ ਹੈ ਅਸਲ ਰੱਬ ਦਾ ਕੋਈ ਸਿੱਧਾ ਕੁਆਰੀ ਕੁਖੋਂ ਪੁੱਤ। ਸਗੋਂ ਸਾਰੀ ਮਨੁਖ ਜਾਤੀ ਹੀ ਉਸ ਦੇ ਧੀ ਪੁਤਰ ਬੱਚੇ ਹਨ। ਆਪਣੇ ਹੀ ਗੁਰੂ ਅਤੇ ਉਸ ਦੇ ਨਿਰਾਕਾਰ ਰੱਬ ਨਾਲ ਧ੍ਰੋਹ ਕਰਨ ਵਾਲੇ ਇਨਾਂ ਇਸਾਈ ਧਰਮ ਆਗੂਆਂ ਅਤੇ ਇਨਾਂ ਮਗਰ ਤੁਰਿਆਂ ਵਾਰੇ ਈਸਾ ਮਸੀਹ ਵਲੋਂ ਇਹ ਦਰਜ ਕਰਵਾਇਆ ਹੋਇਆ ਹੈ ਕਿ ਇਨਾਂ ਵਿਚੋਂ ਜਾਂ ਏਬਰਾਹੀਮ ਦੀ ਬਾਕੀ ਸੰਤਾਨ ਵਿਚੋਂ ਕਦੇ ਕੋਈ ਪੈਦਾ ਨਹੀਂ ਹੋਵੇਗਾ ਜੋ ਉਸ ਵਾਰੇ ਸੱਚ ਜਾਣ ਸਕਦਾ ਹੋਵੇਗਾ। (Evangelium des Judas)

ਪਰ ਇਸਾਈਆਂ ਵੱਲੋਂ ਆਪਣੇ ਦੇਸ਼ਾਂ ਵਿਚ ਇਨਸਾਨ ਨੂੰ ਬੋਲਣ, ਧਰਮ ਬਦਲਣ, ਰਾਜ ਦੇ ਫੈਸਲੇ ਲਈ ਵੋਟ ਅਧਿਕਾਰ, ਚੰਗੇ ਨਿਆਂ ਪ੍ਰਬੰਧਾਂ ਦੇ ਕਰਮਾਂ ਦੁਆਰਾ ਅਤੇ ਸੇਵਾ ਭਾਵਨਾਂ ਦੁਆਰਾ ਜੰਮਣ ਮਰਨ ਦੇ ਜੰਮ-ਜੂਨਾਂ ਮਾਰਗ ਨੂੰ ਬਰਕਰਾਰ ਰੱਖਦੇ ਹੋਏ, ਜੂਨਾਂ ਵਿਚ ਕਿਸੇ ਨਾ ਕਿਸੇ ਸੁੱਖ ਨੂੰ ਪੱਲੇ ਜਰੂਰ ਕਰੀ ਰੱਖਿਆ ਹੈ।

ਧਰਮਾਂ ਅਤੇ ਧਰਮ ਗ੍ਰੰਥਾਂ ਤੇ ਹੋਈ ਖੋਜ ਦੇ ਸਿਟੇ ਇਹ ਸੱਚ ਨਿਸਚਤ ਕਰਦੇ ਹਨ ਕਿ ਇਸ ਜੁਗ ਦੇ ਧਰਮ ਦੇ ਨਾਮ ਉਤੇ ਸ਼ਾਂਤਚਿਤ ਸ਼ਹਾਦਤ ਦੇ ਜਾਣ ਵਾਲੇ ਸੂਰੇ ਪੁਰਖ ਸੰਤ ਭਗਤ ਈਸਾ ਦੀ ਸ਼ਹਾਦਤ ਲੈਣ ਵਾਲੇ ਉਹ ਹੀ ਸਿਖਰ ਬਿਪਰਨ ਬੁੱਤ ਪੂਜਕ ਮਿਸਰ ਦੇ ਰਹਿਣ ਵਾਲੇ ਹੀ ਸਨ ਜੋ ਹੁਣ ਰੋਮ ਦੇ ਸਿਖਰ ਬਿਪਰਨ ਬੁੱਤ ਪੂਜਕ ਬਾਦਸ਼ਾਹਾਂ ਦੇ ਰੂਪ ਵਿਚ ਸਨ। ਕਿਉਕੇ ਈਸਾ ਮਸੀਹ ਵਲੋਂ ਇਨਾਂ ਦੇ ਬੁੱਤ ਪੂਜਕ ਹੋਣ ਅਤੇ ਇਖਲਾਕੀ ਤੌਰ ਤੇ ਅਤਿ ਗਿਰੇ ਹੋਣ ਕਰਕੇ, ਇਨਾਂ ਨੂੰ ਬੇਖੌਫ ਭੰਡਿਆਂ ਜਾ ਰਿਹਾ ਸੀ। ਈਸਾ ਮਸੀਹ ਦੀ ਸ਼ਹਾਦਤ ਲਈ ਸਹਿਮਤੀ ਵਜੋਂ ਉਸ ਦੇ ਹੀ 12 ਸਾਥੀਆਂ ਵਿਚੋਂ 11 ਇਸ ਰੋਮ ਬਿਪਰਨ ਤਖਤ ਨਾਲ ਮਿਲੇ ਹੋਏ ਸਨ ਜਿਨਾਂ ਨੂੰ ਕਾਥੋਲਿਕ ਚਰਚ ਆਪਣੇ ਧਾਰਮਿਕ ਨਾਇਕ ਪ੍ਰੋਪੇਟ (Prophet) ਐਲਾਦਾ ਹੈ। ਪਰ 12ਵੇਂ

ਜੂਹਦਾ ਨਾਮ ਵਾਲੇ ਯਹੂਦੀ ਸਾਥੀ ਨੂੰ ਈਸਾ ਮਸੀਹ ਦੀ ਸ਼ਹਾਦਤ ਲਈ ਝੂਠ ਦੇ ਸਹਾਰੇ ਗਦਾਰੀ ਦਾ ਫਤਵਾ ਦੇਈ ਬੈਠਾ ਹੈ। ਗਿਆਰਾਂ ਸਾਥੀਆਂ ਵੱਲੋਂ ਜੀਸਸ ਕਰਾਇਸ ਦੀ ਸ਼ਹਾਦਤ ਲਈ ਬਿਪਰਨ ਰੋਮ ਤਖਤ ਨਾਲ ਅੰਦਰੋਂ ਮਿਲੇ ਹੋਣ ਦਾ ਕਾਰਣ, ਹੁਣ ਤੱਕ ਇਨਾਂ ਦੇ ਸਥਾਪਤ ਹੋ ਚੁੱਕੇ ਪਸ਼ੂਆਂ ਦੀਆਂ ਬਲੀਆਂ ਮੰਗਣ ਵਾਲੇ ਅਤੇ ਬੋਲਕੇ ਇਨਾਂ ਦੀ ਅਗਵਾਈ ਕਰਦੇ ਰੱਬ ਨੂੰ ਰੱਬ ਨਾ ਮੰਨਣਾਂ ਸਗੋਂ ਉਸ ਨੂੰ ਨਕਲੀ ਰੱਬ ਐਲਾਨਣਾਂ ਅਤੇ ਇਸ ਨਕਲੀ ਰੱਬ ਉਪਰ ਅਸਲੀ ਨਿਰਾਕਾਰ ਰੱਬ ਦੇ ਹੋਣ ਦਾ ਸੱਚ ਅਲਾਪਣਾਂ ਵੀ ਸੀ। ਇਸ ਸੂਰੇ ਸੰਤ ਭਗਤ ਦੀ ਸ਼ਹਾਦਤ ਦੇ ਅਦਿਸ ਸੱਚ-ਕਾਰਣ ਨੂੰ ਵੀ ਜਾਣ ਹੀ ਲਵਾਂਗੇ ਜਦੋਂ ਗੁਰਮਤਿ ਸੱਚ ਉਤੇ ਆਪਾਂ ਸ਼ੁਰੂ ਤੋਂ ਵਿਚਾਰ ਕਰਾਂਗੇ। 18ਵੀਂ ਸਦੀ ਤੋਂ ਇਸਾਈਆਂ ਦੀ ਧਾਰਮਕਿ ਅਗਵਾਈ ਕਰਦੇ ਆ ਰਹੇ ਕਾਥੋਲਿਕ ਚਰਚ ਦੇ ਕਰਤਿਆਂ ਜ਼ਿਮੇਂ ਵੀ ਕਰਤੇ ਦਾ ਹੁਕਮ ਤੇ ਰਜਾ, ਸਿਖਰ ਬਿਪਰਨ ਦੀ ਦੂਜੇ ਥਾਂ ਸੰਤਾਨ ਵਜੋਂ ਆਪਣੇ ਆਪਨੂੰ ਸੰਗਠਨ ਕਰਨਾਂ ਹੀ ਸੀ।

ਯਾਦ ਰਹੇ ਕਿ ਪਸ਼ੂਆਂ ਦੀਆਂ ਬਲੀਆਂ ਮੰਗਣ, ਬੋਲਕੇ ਆਪਣੇ ਯਹੂਦੀਆਂ, ਇਸਾਈਆਂ ਦੀ ਅਗਵਾਈ ਕਰਨ ਵਾਲੇ ਅਤੇ ਆਪਨੂੰ ਜਾਹਵੇ ਨਾਂ ਦਾ ਰੱਬ ਦੱਸਣ ਵਾਲੇ ਨੂੰ ਅਤੇ ਏਬਰਾਹੀਮ-ਸੰਤਾਨ ਨੂੰ ਗੁਰਮਤਿ ਜਾਣਦੀ ਹੈ। ਜਦੋਂ ਸ਼ੁਰੂ ਤੋਂ ਗੁਰਮਤਿ ਸੱਚ ਤੇ ਵਿਚਾਰ ਕਰਾਂਗੇ ਤਾਂ ਇਹ ਸੱਚ ਸਾਹਮਣੇਂ ਆਇਆ ਵੇਖ ਹੀ ਲਵਾਂਗੇ।

ਇਸ ਏਬਰਾਹੀਮ ਪਿਤਾ ਪੁਰਖ ਸੰਤਾਨ-ਸ਼ਾਖ ਵਿਚੋਂ ਹੀ ਅੱਲਾਂ ਵਾਲਿਆਂ ਇਕ ਨਿਰਾਕਾਰ ਅੱਲਾ, ਇਸ ਦੀ ਸਰਬ ਉਚਤਾ ਅਤੇ ਅਸੀਮਤਾ ਨੂੰ ਆਪਣੇ ਧਰਮ ਗ੍ਰੰਥ ਪਵਿਤ੍ਰ ਕੁਰਾਨ ਸਰੀਫ ਵਿਚ ਅਲਾਪਿਆ ਹੈ। ਚੰਗੇ ਮੰਦੇ ਕਰਮਾਂ ਬਦਲੇ ਉਪਰਲੇ ਦੋਹਾਂ ਵਾਂਗ ਕਿਆਮਤ ਦੇ ਦਿਨ ਅਦਾਲਤ ਅਤੇ ਇਸ ਦੇ ਫੈਸਲੇ ਮੁਤਾਬਕ ਸਵਰਗ ਜਾਂ ਨਰਕ ਮਿਲਣਾਂ ਦੱਸਿਆ ਹੈ। ਪਰ ਨਿਰਾਕਾਰ ਅੱਲਾ ਅਤੇ ਬੰਦੇ ਵਿਚਕਾਰ ਸਿਰਫ ਸ਼ਬਦ ਦੀ ਥਾਂ, ਇਸ ਨਾਲ ਬਰਾਬਰ ਨਾਸ਼ਵਾਨ ਸਰੀਰ-ਮੂਰਤ ਨੂੰ ਖੜਾ ਕਰ ਦਿੱਤਾ ਗਿਆ। ਪਰ ਬੁੱਤ ਪੂਜਾ ਨੂੰ ਅਤਿ ਮਾੜਾ ਐਲਾਨਕੇ ਇਸ ਦਾ ਖਾਤਮਾਂ ਲੋਚਿਆ ਹੈ।

Sure 2 Al-Baqara 257: ਅੱਲਾ ਨੂੰ ਨਾ ਮੰਣਣ ਵਾਲਿਆਂ ਨੇ ਬੁੱਤਾਂ ਨੂੰ ਆਪਣੇ ਮਿਤਰ ਕੀਤਾ ਹੋਇਆ ਹੈ ਜੋ ਉਨਾਂ ਨੂੰ ਰੌਸ਼ਨੀ ਵਿਚੋਂ ਕੱਢਕੇ ਹਨੇਰੇ ਵਿਚ ਸੁਟਦੇ ਨੇ। ਇਹ ਹਮੇਸ਼ਾਂ ਨਰਕਾਂ ਦੀ ਅੱਗ ਵਿਚ ਸੜਦੇ ਰਹਿਣਗੇ।

Sure 4 An-Nisa 76: ਜੋ ਰੱਬ ਵਿਚ ਵਿਸ਼ਵਾਸ ਰੱਖਣ ਵਾਲੇ ਹਨ ਉਹ ਅੱਲਾ ਦੀ ਰਜਾ ਵਿਚ ਸ਼ੈਤਾਨ ਦੇ ਮਿੱਤਰਾਂ ਖਿਲਾਫ ਲੜ ਰਹੇ ਹਨ ਅਤੇ ਉਹ ਬੁੱਤਾਂ ਦੀ ਖਾਤਰ।

Sure 14 Ibrahim 35: ਏਬਰਾਹੀਮ ਨੇ ਕਿਹਾ: ਸ੍ਰੀ ਮਾਨ (ਰੱਬ) ਜੀ ਇਸ ਸਥਾਨ ਨੂੰ ਸੁਰੱਖਿਅਤ ਕਰੋ ਅਤੇ ਮੈਨੂੰ, ਮੇਰੇ ਪੁਤਰਾਂ ਨੂੰ ਬੁੱਤ ਪੂਜਾ ਤੋਂ ਬਚਾਕੇ ਰੱਖੋ।

Sure 16 An-Nahl 36: ਅੱਲਾ ਦੀ ਸੇਵਾ ਵਿਚ ਲੱਗ ਅਤੇ ਬੁੱਤ ਪੂਜਾ ਨੂੰ ਛੱਡ।

Sure 21 Al-Anbia 57: ਮੈਂ ਅੱਲਾ ਦੀ ਦਰਗਾਹ ਵਿਚ ਬੁੱਤਾਂ ਅਤੇ ਇਨਾਂ ਦੀ ਪੂਜਾ ਕਰਨ ਵਾਲਿਆਂ ਦੇ ਖਾਤਮੇਂ ਲਈ ਚਾਰਾ ਅਰਜੋਈ ਕਰਾਂਗਾ। ਇਹ ਮੈਨੂੰ ਪਿਠ ਦੇਕੇ, ਕੱਲੇ ਨੂੰ ਛੱਡਕੇ ਗਏ ਹਨ।

Sure 39 Az-Zumar: ਬੁੱਤ ਪੂਜਾ ਦੇ ਕੁਕਰਮ ਨੂੰ ਤਿਆਗਣ ਵਾਲਿਆਂ ਉਤੇ ਅੱਲਾ ਮਿਹਰ ਦੀ ਨਜ਼ਰ ਕਰਦਾ ਹੈ।

ਇਹ ਉਦਾਹਰਣਾਂ ਜਰਮਨ ਭਾਸ਼ਾ ਵਿਚ ਪਵਿਤ੍ਰ ਕੁਰਾਨ ਸ਼ਰੀਫ ਵਿਚੋਂ ਅਨੁਵਾਦ ਕੀਤੀਆਂ ਗਈਆਂ ਹਨ।

ਪਰ ਇਸ ਧਰਮ ਨੂੰ ਮੰਨਣ ਵਾਲਿਆਂ ਆਪਣੇ ਅੱਲਾ ਦੇ ਨਾਂ ਤੇ ਉਸਾਰੇ ਘਰ ਕਾਬੇ ਲੱਗੇ ਵਸ਼ੇਸ਼ ਪੱਥਰ ਨੂੰ ਅਤੇ ਆਪਣੇ ਵਡੇਰਿਆਂ ਦੇ ਨਾਂ ਤੇ ਕਾਇਮ ਮਿਜ਼ਾਰਾ ਨੂੰ ਸਿਜਦੇ ਕਰਨੇ ਸ਼ੁਰੂ ਕਰ ਦਿੱਤੇ ਗਏ। ਅੱਲਾ ਦੇ ਨਾਂ ਤੇ ਉਸਾਰੇ ਪਵਿਤ੍ਰ ਘਰ ਅੱਲਾ ਦੇ ਸ਼ਰੀਕ ਸ਼ੈਤਾਨ ਦੀ ਹੋਂਦ ਰੱਖਕੇ ਪੱਥਰ ਮਾਰਨੇ ਧਰਮ ਦੇ ਕਰਮ ਕਰ ਦਿੱਤੇ । ਸੁੰਨਤ ਤੇ ਹੈ ਹੀ ਸੀ ਹੁਣ ਜੂਨਾਂ ਵੰਡਣ ਵਾਲੇ ਬਿਪਰਨ ਨੇ ਅੱਲਾ ਦੇ ਘਰ ਹੀ ਸਫਾਈ ਦੇ ਨਾਮ ਉਤੇ, ਅੱਲਾ ਧੁਰੋਂ ਕੀਤੀ ਇਨਸਾਨ ਲਈ ਸਾਬਤ ਸੂਰਤ ਨੂੰ ਤਿਆਗਕੇ ਘਰ ਮੁੜਦੇ ਹਾਜੀ ਕਰ ਦਿੱਤੇ ਗਏ। ਪਵਿਤ੍ਰ ਮੁਸਲਮਾਨ ਕਰਮ-ਕਿਰਦਾਰ ਬਾਝੋ ਇਨਸਾਨ ਨੂੰ ਨਾ ਸੋਂਹਦੀਂ ਸਾਬਤ ਸੂਰਤ, ਇਸ ਕਦਰ ਇਨਾਂ ਤੋਂ ਵਾਪਸ ਲੈਕੇ, ਇਨਾਂ ਉਤੇ ਆਪਣੀ ਮਿਹਰ ਦੇ ਹੱਥ ਨੂੰ ਚੁੱਕ ਲੈਣ ਦਾ ਅੱਲਾ ਸੱਚ ਬਣੀਂ ਬੈਠੇ ਨੇ। ਪਰ ਨਾਲ ਹੀ ਨਿਰਾਕਾਰ ਅੱਲਾ ਜਿਨਾਂ ਨੂੰ ਆਪਣੇ ਪਿਆਰੇ ਕਰਕੇ ਆਪਣੇ ਲੜ ਲਾਉਣਾਂ ਚਾਹਿਆ, ਉਨਾਂ ਤੋਂ ਆਪਣੇ ਸੱਚੇ ਮਾਰਗ ਲਈ ਸ਼ਹੀਦੀਆਂ ਲੈਕੇ, ਬਾਕੀਆਂ ਲਈ, ਉਨਾਂ ਦੇ ਸੱਚੇ ਮਾਰਗ ਵੱਲ ਇਸ਼ਾਰਾ ਵੀ ਕਰਵਾ ਚੁੱਕੇ ਹਨ। ਇਸ ਧਰਮ ਗ੍ਰੰਥ ਵਿਚ ਵਿਸ਼ੇਸ਼: ਸਰਬ ਬਿਆਪਕ, ਸਰਬ ਉਤਮ ਸ਼ਕਤੀ ਨਿਰਾਕਾਰ ਅੱਲਾਹ, ਆਪਣੀ ਖੇਲ ਵਿਚ ਸ਼ਾਂਮਿਲ ਨਾਇਕ ਹਜਰਤ ਮੁਹੰਮਦ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਇਹ

ਸੱਚ ਪਵਿਤ੍ਰ ਕੁਰਾਨ ਸ਼ਰੀਫ ਵਿਚ ਅੰਕਤ ਕਰਵਾ ਗਇਓ ਨੇ ਕਿ ਉਹ ਪਹਿਲਾਂ ਵੀ ਆਏ ਸਨ। ਪਰ ਉਨਾਂ ਨੂੰ ਮੰਨਣ ਤੋਂ ਉਨਾਂ ਦੇ ਲੋਕ ਹੀ ਇਨਕਾਰੀ ਹੁੰਦੇ ਰਹੇ।

ਗੌਤਮ ਬੁਧ ਭਾਈ ਵੱਲੋਂ ਬਿਪਰਨ ਦੀ ਤਲਵਾਰ ਦਾ ਸੂਰੇ ਹੱਥ ਕਿਰਪਾਨ ਨਾਲ ਜਬਾਬ ਬਣੀ ਰਹਿਣ ਦੀ ਬਜਾਏ ਸੂਰੇ ਦੇ ਜੀਵਨ ਨੂੰ ਤਿਆਗ ਕੇ, ਬਿਨਾਂ ਧਰਮ ਅਤੇ ਰੱਬ ਦਾ ਨਾਮ ਦਿੱਤਿਆਂ, ਚੰਗੇ ਮੰਦੇ ਕਰਮ ਅਤੇ ਇਨਾਂ ਦੇ ਫਲ ਵਾਰੇ ਕੁਦਰਤ ਦੇ ਕਾਨੂੰਨ, ਇਸ ਮੁਤਾਬਕ ਜੰਮਣ ਮਰਨ-ਜੂਨਾਂ ਅਤੇ ਮੈਂ ਦੇ ਖਾਤਮੇ ਨਾਲ ਇਸ ਜੰਮਣ ਮਰਣ ਦਾ ਅੰਤ, ਭਾਵ ਨਿਰਵਾਣ (ਕੁਝ ਵੀ ਨਾ ਰਹਿ ਜਾਣਾਂ) ਹੋ ਜਾਣ ਦੇ ਫਲਸਫੇ ਨੂੰ ਸੰਸਾਰ ਤੇ ਕੀਤਾ ਗਿਆ। ਪਰ ਇਸ ਫਲਸਫੇ ਨੂੰ ਮੰਨਣ ਵਾਲਿਆਂ ਉਤੇ ਵੀ ਬਿਪਰਨ ਰੀਤ ਪੱਥਰ ਪੁਜਾਰੀਆਂ ਨੇ ਆ ਕਬਜਾ ਕੀਤਾ ਅਤੇ ਇਨਾਂ ਨੂੰ ਇਨਾਂ ਦੇ ਹੀ ਗੁਰੂ ਦੀ ਸਿਖਿਆ ਦੇ ਉਲਟ, ਉਸ ਦੇ ਭਾਤ ਭਾਂਤ ਦੇ ਬੁੱਤਾਂ ਨੂੰ ਇਨਾਂ ਦੇ ਮੰਦਰਾਂ ਵਿਚ ਸਥਾਪਤ ਕਰਕੇ, ਇਨਾਂ ਨੂੰ ਭਗਵਾਨ ਬੁਧ ਦਾ ਨਾਮ ਦੇਕੇ, ਇਨਾਂ ਪੱਥਰ ਜਾਂ ਧਾਤ ਆਦਿ ਦੇ ਬੁੱਤਾਂ ਦੀ ਪੂਜਾ ਕਰਵਾਣੀ ਸ਼ੁਰੂ ਕਰਵਾ ਦਿੱਤੀ ਅਤੇ ਇਨਾਂ ਦੇ ਪੁਜਾਰੀਆਂ ਨੂੰ ਬਾਹਰ ਰੱਬ ਲੱਭਣ ਵਿਚ ਲਾਕੇ ਇਨਾਂ ਲਈ ਵੀ ਜਮ-ਜੂਨਾਂ ਦੇ ਮਾਰਗ ਨੂੰ ਪੱਕੇ ਰੂਪ ਕਰ ਦਿੱਤਾ ਗਿਆ। ਜੀਵਨ ਜਾਚ ਬੁਧ ਫਿਲਾਸਫੇ ਨਾਲ ਬੁੱਤ ਪੂਜਾ ਅਤੇ ਹੋਰ ਬਿਪਰਨ ਰੀਤਾ ਨੂੰ ਬਿਪਰਨ ਵੱਲੋਂ ਕਿਵੇਂ ਸ਼ਾਮਿਲ ਕੀਤਾ, 'ਦੇਸ ਪੰਜਾਬ' ਦੇ ਅੰਕ ਅਗਸਤ 2007 ਵਿਚ, ਪੰਥ ਦੇ ਵਿਦਵਾਨ ਸੇਵਾਦਾਰ ਬਜੁਰਗ ਬਲਵੰਤ ਸਿੰਘ ਬਹੋੜੂ ਜੀ ਤੱਥਾਂ ਸਮੇਤ ਸੱਚ 'ਸਿਖ ਮਤ ਬੁੱਧ ਮਤ ਵਾਂਗਰ ਵਿਨਾਸ਼ ਦੇ ਰਾਹ ਤੇ ', ਸਰਲੇਖ ਹੇਠ ਪਹਿਲੋਂ ਹੀ ਸਾਡੇ ਸਾਹਮਣੇ ਰੱਖ ਚੁੱਕੇ ਨੇ।

ਚੀਨ ਦਾ ਪੁਰਾਤਨ ਧਰਮ Schintaismus ਸੀ। ਇਹ ਧਰਮ ਅੱਜ ਜਪਾਨ ਦੇਸ਼ ਦਾ ਹੈ। ਇਥੇ ਕੁਦਰਤ ਵਿਚ ਸ਼ਕਤੀ ਨੂੰ ਕਿਸੇ ਰੱਬੀ ਸ਼ਕਤੀ ਵਜੋਂ ਜਾਨਣਾਂ ਅਤੇ ਪਿਤਰ ਪੂਜਣੇਂ ਮੁੱਖ ਹੈ । ਪਰ ਇਹ ਧਰਮ ਮੂਰਤੀ ਪੂਜਾ ਨੂੰ ਵਿਵਰਜਤ ਅਤੇ ਮੂਰਤੀ ਪੂਜਕਾਂ ਨੂੰ ਏਬਰਾਹੀਮ ਸੰਤਾਨ ਦੇ ਤਿੰਨਾਂ ਧਰਮਾਂ ਵਾਂਗ ਹੀ ਅਤਿ ਦੀ ਨਫਰਤ ਕਰਦਾ ਹੈ। ਜਪਾਨੀਆਂ ਵੱਲੋਂ ਬੋਧੀਆਂ ਨੂੰ ਬੁੱਤ ਪੂਜਕ ਹੋਣ ਕਰਕੇ ਤਲਵਾਰ ਦੇ ਜੋਰ ਤੇ ਬੜੀ ਕਰੜਾਈ ਨਾਲ ਆਪਣੇ ਦੇਸ਼ ਵਿਚ ਦਾਖਲ ਹੋਣੋਂ ਰੋਕਿਆ।

ਮਨੁਖ ਜਾਤੀ ਨਾਲ ਇਹ ਸਭ ਕੁਝ ਕਿਓਂ ਅਤੇ ਕਿਵੇਂ ਵਰਤਿਆ, ਗੁਰਮਤਿ ਸਭ ਸਚ ਜਾਣਦੀ ਹੈ। ਜਦੋਂ ਸ਼ੁਰੂਆਤ ਤੋਂ ਤੁਰਾਂਗੇ ਤਾਂ ਇਹ ਸੱਚ ਵੇਖ ਹੀ ਲਵਾਂਗੇ।

**ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥** (ਪੰਨਾ 9)

**ਸੇਵਕ ਭਾਇ ਸੇ ਜਨ ਮਿਲੇ ਗੁਰ ਸਬਦਿ ਸਵਾਰੇ ॥ ਤੂ ਸਚਾ ਸਾਹਿਬੁ ਅਲਖੁ ਹੈ ਗੁਰ ਸਬਦਿ ਲਖਾਰੇ ॥** (ਪੰਨਾ 308)

**ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ॥**
**ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥** (ਪੰਨਾ 495)

**ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥** (ਪੰਨਾ 783)

**ਬਿਨੁ ਹਰਿ ਨਾਮ ਨ ਟੂਟਸਿ ਪਟਲ ॥ ਸੋਧੇ ਸਾਸਤ੍ਰ ਸਿਮ੍ਰਿਤਿ ਸਗਲ ॥** (ਪੰਨਾ 890)

**ਸਗਲੇ ਕਰਮ ਧਰਮ ਜੁਗ ਸੋਧੇ ॥ ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ ॥** (ਪੰਨਾ 913)

**ਗੁਰਮੁਖਿ ਭਗਤ ਸੋਹਹਿ ਦਰਬਾਰੇ ॥ ਸਚੀ ਬਾਣੀ ਸਬਦਿ ਸਵਾਰੇ ॥**
**ਅਨਦਿਨੁ ਗੁਣ ਗਾਵੈ ਦਿਨੁ ਰਾਤੀ ਸਹਜ ਸੇਤੀ ਘਰਿ ਜਾਹਾ ਹੇ ॥** (ਪੰਨਾ 1055)

**ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥** (ਪੰਨਾ 1142)

ਬੁੱਤ ਪੂਜਾ, ਮੂਰਤੀ ਪੂਜਾ, ਮੜ੍ਹੀਆਂ ਮਸਾਣਾਂ ਅਤੇ ਮਰਿਆਂ ਦੀ ਪੂਜਾ, ਕਿਸੇ ਹੋਏ ਵਿਅਕਤੀ ਨੂੰ ਭਗਵਾਨ ਐਲਾਨਕੇ ਉਸ ਦੇ ਬੁਹਭਾਤੀ ਬੁੱਤਾਂ ਦੀ ਪੂਜਾ ਅਤੇ ਗੁਰਮਤਿ ਦੋ ਆਪਾ ਵਿਰੋਧੀ ਜੀਵਨ ਜਾਚ-ਰਾਹ ਨੇ। ਗੁਰਸਿਖ ਨੂੰ ਗੁਰੂ ਹੁਕਮ ਹੈ ਕਿ ਉਸ ਦੇ ਸਿਖ ਇਕ ਨਿਰਾਕਾਰ ਤੋਂ ਸਿਵਾ ਕਦੇ ਕਿਸੇ ਮਿਟੀ ਦੇ, ਪੱਥਰ ਦੇ ਕਿਸੇ ਧਾਤ ਦੇ, ਲੱਕੜ ਦੇ, ਗੱਤੇ ਦੇ ਜਾਂ ਕਿਸੇ ਹੋਰ ਪਦਾਰਥ ਦੇ ਬੁੱਤ ਨੂੰ ਜਾਂ ਕਿਸੇ ਮੂਰਤ ਨੂੰ ਆਪਣੇ ਅਤੇ ਆਪਣੇ ਨਿਰਾਕਾਰ ਰੱਬ ਵਿਚਕਾਰ ਨਹੀ ਹੋਣ ਦੇਂਦੇ। ਇਕ ਨਿਰਾਕਾਰ ਸੱਭ ਦਾ ਕਰਤਾ, ਵਿਚਕਾਰ ਗੁਰਬਾਣੀ ਗੁਰੂ ਅਤੇ ਤੀਜਾ ਉਹ ਆਪ ਇਨਸਾਨ ਗੁਰਸਿਖ ਹੀ ਸਿਖੀ ਜੀਵਨ ਦਾ ਅਧਾਰ ਕਰਮ ਹੈ। ਬਿਪਰਨ ਕੁਕਰਮ ਕਰਨ ਵਾਲਿਆਂ ਨੂੰ ਗੁਰਸਿਖ ਇਕੋ ਪਿਤਾ ਦੀ ਸੰਤਾਨ ਤਾਂ ਜਾਣਦਾ ਹੈ ਪਰ ਨਾ ਤੇ ਇਨਾਂ ਦੇ ਬੁੱਤ ਸਥਾਪਤ ਅਖੌਤੀ ਦੇਵੀ ਦੇਵਤਿਆਂ ਦੇ ਕਿਸੇ ਸਥਾਨ ਵਿਚ ਪੈਰ ਧਰਦਾ ਹੈ, ਨਾ ਇਨਾਂ ਦੀ ਕਿਸੇ ਰੀਤ-ਕਾਰ ਨੂੰ ਹੀ ਅਪਣਾਂਉਂਦਾ ਹੈ, ਨਾ ਇਨਾਂ ਨਾਲ ਕਦੇ ਕੋਈ ਪਰਵਾਰਕ ਸਾਂਝ-ਰਿਸ਼ਤਾ ਗੰਢਦਾ ਹੈ ਅਤੇ ਨਾ ਹੀ ਕਦੇ ਇਨਾਂ ਇਕ ਪਰਵਾਰ ਇਨਸਾਨ ਜਾਤੀ ਨੂੰ ਊਚ

ਨੀਚ ਵਿਚ ਵੰਡਕੇ ਆਪ੍ਹੂੰ ਸੱਭ ਤੋਂ ਉਚਾ ਸੁਚਾ ਬਣੇ ਬਿਪਰਨ ਦੀ ਅਧੀਨਗੀ ਹੀ ਕਬੂਲਦਾ ਹੈ। ਸਗੋਂ ਬਿਪਰਨ ਦੀ ਅਧੀਨਗੀ ਨਾਲੋਂ ਇਸ ਤੋਂ ਆਪਣੀਂ ਅਤੇ ਇਨਸਾਨ ਜਾਤੀ ਦੀ ਆਜਾਦੀ ਲਈ ਅਣਖ ਦੀ ਮੌਤ ਨੂੰ ਤਰਜੀਹ ਦੇਂਦਾ ਹੈ। ਇਹ ਹੈ ਦੁਨਿਅਵੀ ਮਿਸ਼ਨ ਕਰਤੇ ਵੱਲੋਂ ਆਪਣੀਂ ਮੌਜ ਤੇ ਪ੍ਰਗਟਾਏ ਆਪਣੇ ਗੁਰਸਿਖ ਖਾਲਸਾ ਦੇ ਜ਼ਿਮੇ ਲੱਗਾ ਹੋਇਆ। ਖਾਲਸਾ ਪੰਥ ਨੂੰ ਇਸ ਮਿਸ਼ਨ ਦੀ ਯਾਦ ਦਿਲਾਕੇ ਇਸ ਦੀ ਪੂਰਤੀ ਲਈ ਗੁਰੂ ਵੱਲੋਂ ਸਪਸ਼ਟ ਤੋਰ ਦੇਣ ਲਈ ਹੀ ਸ੍ਰੀ ਹਰਿਮੰਦਰ ਸਾਹਿਬ ਉਤੇ ਜੂਨ ਚੋਰਾਸੀ ਨੂੰ ਬਿਪਰਨ ਤਖਤ ਵਲੋਂ ਕੀਤੇ ਧਾਵੇ ਦਾ ਕੁਕਰਮ ਸੀ।

ਸੋ ਬੁੱਤ ਪੂਜਾ, ਮੂਰਤੀ ਪੂਜਾ ਆਦਿ ਕੁਕਰਮਾਂ ਨਾਲ ਇਨਸਾਨ ਆਪਣੀ ਸੋਚ-ਸਮਝ ਸ਼ਕਤੀ ਨੂੰ, ਜਿਸ ਦੁਆਰਾ ਉਸ ਨੂੰ ਚੰਗੇ ਜਾਂ ਮੰਦੇ ਕਰਮਾਂ ਦੀ ਸੋਝੀ ਹੋਣੀਂ ਸੀ, ਨੂੰ ਪੱਥਰ ਕਰਕੇ ਅਪਣੇ ਲਈ ਜਮ ਦੇ ਮਾਰਗ-ਜੂਨਾਂ ਨੂੰ ਪੱਕਾ ਕਰੀ ਰਖਦਾ ਹੈ। ਇਹ ਕੁਕਰਮ ਤਿਆਗਣ ਬਿਨਾਂ, ਨਿਰਾਕਾਰ ਰੱਬ ਦੀ ਸਾਰ ਨੂੰ ਨਾ ਜਾਣ ਸਕਣ ਵਾਰੇ ਅਤੇ ਜਮ ਦਾ ਮਾਰਗ -ਜੂਨਾਂ ਇਸ ਦਾ ਫਲ ਹੋਣ ਵਾਰੇ ਗੁਰਬਾਣੀ ਸੱਚ:

**ਗੁਣਦਾਤਾ ਹਰਿ ਰਾਇ ਹੈ ਹਮ ਅਵਗਣਿਆਰੇ ॥ ਪਾਪੀ ਪਾਥਰ ਡੂਬਦੇ ਗੁਰਮਤਿ ਹਰਿ ਤਾਰੇ ॥** (ਪੰਨਾ 163)
**ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ ਗਲਿ ਪਾਥਰ ਕੈਸੇ ਤਰੈ ਅਥਾਹ ॥** (ਪੰਨਾ 267)
**ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥**
**ਕਹੁ ਕਬੀਰ ਭਗਤਿ ਕਰਿ ਪਾਇਆ ॥ ਭੋਲੇ ਭਾਇ ਮਿਲੇ ਰਘੁਰਾਇਆ ॥** (ਪੰਨਾ 324)
**ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥ ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥**
**ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥ ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥** (ਪੰਨਾ 479)
**ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥ ਅੰਧੇ ਗੁੰਗੇ ਅੰਧ ਅੰਧਾਰੁ ॥**
**ਪਾਥਰੁ ਲੇ ਪੂਜਹਿ ਮੁਗਧ ਗਵਾਰ ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥** (ਪੰਨਾ 556)
**ਹਮ ਨੀਚ ਸੇ ਊਤਮ ਭਏ ਹਰਿ ਕੀ ਸਰਣਾਈ ॥ ਪਾਥਰੁ ਡੁਬਦਾ ਕਾਢਿ ਲੀਆ ਸਾਚੀ ਵਡਿਆਈ ॥** (ਪੰਨਾ 565)
**ਰਾਮ ਹਮ ਪਾਥਰ ਨਿਰਗੁਨੀਆਰੇ ॥ ਕ੍ਰਿਪਾ ਕ੍ਰਿਪਾ ਕਰਿ ਗੁਰੂ ਮਿਲਾਏ ਹਮ ਪਾਹਨ ਸਬਦਿ ਗੁਰ ਤਾਰੇ ॥** (ਪੰਨਾ 981)
**ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥ ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥** (ਪੰਨਾ 1001)
**ਖੇਹੂ ਖੇਹ ਰਲੈ ਤਨੁ ਛੀਜੈ ॥ ਮਨਮੁਖੁ ਪਾਥਰੁ ਸੈਲੁ ਨ ਭੀਜੈ ॥**
**ਕਰਣ ਪਲਾਵ ਕਰੇ ਬਹੁਤੇਰੇ ਨਰਕਿ ਸੁਰਗਿ ਅਵਤਾਰਾ ਹੇ ॥** (ਪੰਨਾ 1029)
**ਹਮ ਪਾਥਰ ਗੁਰੁ ਨਾਵ ਬਿਖੁ ਭਵਜਲੁ ਤਾਰੀਐ ਰਾਮ ॥**
**ਗੁਰ ਦੇਵਹੁ ਸਬਦੁ ਸੁਭਾਇ ਮੈ ਮੂੜ ਨਿਸਤਾਰੀਐ ਰਾਮ ॥** (ਪੰਨਾ 1114)
**ਪਾਥਰ ਕਉ ਬਹੁ ਨੀਰੁ ਪਵਾਇਆ ॥ ਨਹ ਭੀਗੈ ਅਧਿਕ ਸੂਕਾਇਆ ॥੨॥**
**ਖਟੁ ਸਾਸਤ੍ਰ ਮੂਰਖੈ ਸੁਨਾਇਆ ॥ ਜੈਸੇ ਦਹ ਦਿਸ ਪਵਨੁ ਝੁਲਾਇਆ ॥** (ਪੰਨਾ 1136-1137)
**ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥ ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥੧॥ ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥ ਰਹਾਉ ॥ ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ ਪਾਵੈ ਫੰਧੁ ॥ ਨ ਪਾਥਰੁ ਬੋਲੈ ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥** (ਪੰਨਾ 1160)
**ਹਰਿ ਕੇ ਜਨ ਊਤਮ ਜਗਿ ਕਹੀਅਹਿ ਜਿਨ ਮਿਲਿਆ ਪਾਥਰ ਸੇਨ ॥**
**ਜਨ ਕੀ ਮਹਿਮਾ ਬਰਨਿ ਨ ਸਾਕਉ ਓਇ ਊਤਮ ਹਰਿ ਹਰਿ ਕੇਨ ॥** (ਪੰਨਾ 1294-1295)
**ਹਮ ਪਾਥਰ ਲੋਹ ਲੋਹ ਬਡ ਪਾਥਰ ਗੁਰ ਸੰਗਤਿ ਨਾਵ ਤਰਾਵੈਗੋ ॥**
**ਜਿਉ ਸਤਸੰਗਤਿ ਤਰਿਓ ਜੁਲਾਹੋ ਸੰਤ ਜਨਾ ਮਨਿ ਭਾਵੈਗੋ ॥** (ਪੰਨਾ 1309)
**ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ ॥ ਕਾਹੂ ਲਖਿਓ ਹਰਿ ਅਵਾਚੀ ਸਿਦਾ ਮਹਿਕਾਹੂ ਪਛਾਹ ਕੋ ਸੀਸੁ ਨਿਵਾਇਓ ॥ ਕੋਊ ਬੁਤਾਨ ਕੋ ਪੂਜਤ ਹੈ ਪਸੁਕੋਊ ਮ੍ਰਿਤਾਨ ਕੋ ਪੂਜਨ ਧਾਇਓ ॥ ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦ ਨਾ ਪਾਇਓ ॥** (ਸਵੱਯੇ ਪਾ: ੧੦) ਅਤੇ

**ਮਦਨ ਕੁਸ਼ਤਨਮ ਕੋਹੀਆਂ ਬੁਤ ਪਰਸਤ ॥ ਕਿ ਓ ਬੁਤ ਪਰਸਤੰਦੁ ਮਨ ਬੁਤ ਸ਼ਿਕਸਤ ॥** (ਪਾ: ੧੦) ਭਾਵ- ਮੈਂ ਬੁੱਤ ਪੂਜਕਾਂ ਨੂੰ ਕੋਹਣ ਵਾਲਾ ਅਤੇ ਬੁੱਤਾਂ ਨੂੰ ਤੋੜਨ ਵਾਲਾ ਹਾਂ।

ਇਨਸਾਨ ਪੱਥਰ ਪੂਜਾ ਦੇ ਨਰਦਈ ਕੁਕਰਮ ਦੁਅਰਾ ਆਪਣੀਂ ਸੋਚ ਸਮਝ ਨੂੰ ਪੱਥਰ ਕਰਕੇ ਆਪਣੇ ਆਪਨੂੰ ਅੰਨਾਂ, ਬੋਲਾ ਅਤੇ ਮੂਰਖ ਕਿਵੇਂ ਕਰਦਾ ਹੈ ਇਸ ਦੀ ਮਿਸਾਲ ਮੁਖੀ ਬਿਪਰਨ ਤਾਂ ਹੈ ਹੀ ਜੋ ਜਾਨਵਰ ਗਾਂ ਨੂੰ ਆਪਣੀਂ ਪਵਿਤ੍ਰ ਮਾਂ ਐਲਾਨਦਾ ਹੈ, ਬਾਂਦਰ ਆਦਿ ਪਸ਼ੂਆਂ ਨੂੰ ਆਪਣੇ ਦੇਵਤੇ ਐਲਾਨਦਾ ਹੈ। ਪਰ ਆਪਣੀ ਅਸਲ ਮਾਂ ਔਰਤ ਜਾਤ ਨੂੰ ਆਪਣੇ ਪੈਰ ਦੀ ਜੁਤੀ ਬਰਾਬਰ ਐਲਾਨਦਾ ਹੈ। ਪਰ ਇਨਾਂ ਨਾਲ ਬੋਧੀ ਵੀ ਸੰਸਾਰ ਉਤੇ ਅਪਣੀ ਬੁਧ ਨੂੰ ਅੰਨਾਂ, ਬੋਲਾ ਅਤੇ ਮੂਰਖ ਕਰ ਲੈਣ ਦੀ ਮਿਸਾਲ ਬਣੀਂ ਬੈਠੇ ਨੇ। ਗੌਤਮ ਰਿਖੀ ਬੁਧ ਵਲੋਂ ਚੰਗੇ ਕਰਮਾਂ ਨੂੰ ਕਰਨ ਦੇ ਜੀਵਨ ਜਾਚ ਫਿਲਾਸਫੇ ਨੂੰ ਧਰਮ ਤੱਕ ਦਾ ਨਾਮ ਨਾ ਦਿੱਤਾ ਅਤੇ ਨਾ ਹੀ ਇਸ ਨੂੰ ਕਿਸੇ ਭਗਵਾਨ ਰੱਬ ਨਾਲ ਹੀ ਜੋੜਿਆ। ਕਿਉਂ ਦੇ ਭੇਦ ਨੂੰ ਗੁਰਮਤਿ ਜਾਣਦੀ ਹੈ। ਜਦੋਂ ਸ਼ੁਰੂ ਤੋਂ ਵਿਚਾਰ ਕਰਾਂਗੇ, ਸੱਚ ਨੂੰ ਜਾਣ ਹੀ ਲਵਾਂਗੇ। ਪਰ ਬੁਧ ਦੇ ਚੰਗੇ ਕਰਮਾਂ ਨੂੰ ਕਰਨ ਦੇ ਜੀਵਨ ਜਾਚ ਫਿਲਾਸਫੇ ਨੂੰ ਮੰਨਣ ਵਾਲਿਆਂ ਉਸ ਦੇ ਹੀ ਉਲਟ, ਉਸ ਵਿਚਾਰੇ ਦੇਹਧਾਰੀ ਨੂੰ ਹੀ ਭਗਵਾਨ ਬੁਧ ਕਹਿਕੇ ਅਸਲ ਨਿਰਾਕਾਰ ਰੱਬ ਨੂੰ ਬੇਸ਼ਰਮੀ ਨਾਲ ਅਪਮਾਨਤ ਕਰਨਾਂ ਅਤੇ ਭੰਡਣਾਂ ਸ਼ੁਰੂ ਕੀਤਾ ਹੋਇਆ ਹੈ ਅਤੇ ਉਸ ਦੇ ਬਹਭਾਂਤੀ ਬੁੱਤਾਂ ਨੂੰ ਭਗਵਾਨ ਬੁਧ ਐਲਾਨਕੇ ਮੁਖੀ ਬਿਪਰਨ ਵਾਂਗ ਆਪਣੇ ਮੰਦਰਾਂ ਵਿਚ ਆਪ ਅਤੇ ਦੂਜਿਆਂ ਨੂੰ ਪੂਜਣ ਲਾਇਆ ਹੋਇਆ ਹੈ। ਪੱਥਰ, ਲੱਕੜ ਜਾਂ ਹੋਰ ਕੋਈ ਧਾਤ, ਜੋ ਖੁਦ ਬੁੱਤ ਬਣ ਸਕਣ ਤੋਂ, ਬੁੱਤ ਜੋ ਮੰਦਰ ਵਿਚ ਖੁਦ ਆ ਸਕਣ ਤੋਂ ਅਤੇ ਆਪਣੀ ਪੂਜਾ ਲਈ ਖੁਦ ਸਜ ਸਕਣ ਤੋਂ ਅਸਮਰੱਥ ਹੈ, ਉਸ ਨੂੰ ਭਗਵਾਨ ਐਲਾਨਣ ਵਾਲੇ ਅਤੇ ਉਸ ਤੋਂ ਮੱਦਦ ਦੀ ਆਸ ਰੱਖਣ ਵਾਲੇ ਆਪਣੀ ਸੋਚ ਸਮਝ ਨੂੰ ਬਿਪਰਣ ਮੁਖੀ ਵਾਂਗ ਪੱਥਰ ਕਰ ਲੈਣ ਵਾਲੇ ਹੀ ਹੋ ਸਕਦੇ ਨੇ।

ਗੁਰਮਤਿ ਅਨੁਸਾਰ ਬੁੱਤ ਪੂਜਾ, ਮੂਰਤੀ ਪੂਜਾ, ਪੱਥਰ ਪੂਜਾ ਆਦਿ ਕੁਕਰਮ ਕਰਨ ਵਾਲਿਆਂ ਜੇ ਆਪਣੇ ਅਸਲ ਸਿਰਜਣਹਾਰ ਨਿਰਾਕਾਰ ਰੱਬ ਕਰਤੇ ਵਾਰੇ ਕੋਈ ਸੋਝੀ ਪੱਲੇ ਕਰਨੀ ਹੈ ਤਾਂ ਉਨਾਂ ਨੂੰ ਰੱਬ ਦੇ ਨਾਮ ਉਤੇ, ਉਸ ਦੇ ਕਿਸੇ ਦੂਤ ਦੇ ਨਾਮ ਉਤੇ ਜਾਂ ਦੇਵੀ ਦੇਵਤਿਆਂ ਦੇ ਨਾਮ ਉਤੇ ਉਸਾਰੇ ਬੁੱਤਾਂ ਨੂੰ ਭੰਨਕੇ ਮਲੀਆਮੇਟ ਕਰਕੇ ਨਵੀਂ ਸ਼ੁਰੂਆਤ ਕਰਨੀ ਹੀ ਪਵੇਗੀ। ਇਸ ਬਿਨਾਂ ਜਦ ਤੱਕ ਸੰਸਾਰ ਹੈ ਇਨਾਂ ਲਈ ਜਮ ਦਾ ਮਾਰਗ ਜੂਨਾਂ ਵਿਚ ਪੈਕੇ ਜੰਮਣਾਂ ਮਰਨਾਂ ਹੀ ਅਸਲ ਨਿਰਾਕਾਰ ਭਗਵਾਨ ਦਾ ਸੱਚ ਹੈ।

ਗੁਰਸਿਖ ਕਿਸੇ ਗੁਰੂ ਘਰ ਦੇ ਅਜਾਇਬ ਘਰ ਵਿਚ ਜਾਂ ਹੋਰ ਕਿਧਰੇ ਲੱਗੀ ਪ੍ਰਚੱਲਤ ਕਿਸੇ ਭਗਤ, ਸੰਤ, ਸੂਫੀ ਫਕੀਰ, ਸਤਿਗੁਰੂ ਜਾਂ ਗੁਰੂਆਂ ਦੀ ਤਸਵੀਰ ਨੂੰ ਸਤਿਕਾਰ ਦੀਆਂ ਨਜ਼ਰਾਂ ਨਾਲ ਤਾਂ ਤੱਕਦੇ ਨੇ, ਇਸ ਲਈ ਜੋ ਕਰਤੇ ਆਪਣੀ ਬਾਣੀ ਨੂੰ ਇਨਾਂ ਪਵਿਤ੍ਰ ਆਤਮਾਵਾਂ ਦੁਆਰਾ ਉਚਾਰਨ ਅਤੇ ਕਲਮਬੰਦ ਕਰਵਾਇਆ ਹੈ ਅਤੇ ਜਿਨਾਂ ਜ਼ਿਮੇਂ ਇਸ ਗ੍ਰੰਥ ਨੂੰ ਮੰਨਣ ਵਾਲੇ ਖਾਲਸਾ ਪੰਥ ਦੀ ਸਿਰਜਣਾਂ ਦਾ ਅਨਮੋਲ ਕਾਰਜ ਆਇਆ ਹੈ। ਪਰ ਗੁਰਸਿਖ ਇਨਾਂ ਅੱਗੇ ਕਦੇ ਵੀ ਸਿਰ ਨਹੀ ਝੁਕਾਂਦੇ ਅਤੇ ਜਿਨਾਂ ਦੀ ਸ਼ਬਦ ਸੁਰਤ ਵਿਚ ਕਦੇ ਕਿਸੇ ਤਸਵੀਰ ਦਾ ਖਿਆਲ ਤੱਕ ਵੀ ਪਰਵੇਸ਼ ਨਹੀਂ ਕਰ ਸਕਦਾ।

ਬਿਪਰਨ ਜਿਵੇਂ ਨਿਰਾਕਾਰ ਕਰਤਾ ਰੱਬ ਅਤੇ ਇਨਸਾਨ ਵਿਚਕਾਰ ਬੁੱਤ ਪੂਜਾ ਦੁਆਰਾ ਇਕ ਨਾ ਹਟਾਈ ਜਾ ਸਕਣ ਵਾਲੀ ਫੌਲਾਦੀ ਦੀਵਾਰ ਖੜ੍ਹੀ ਕਰਦਾ ਹੈ ਇਵੇਂ ਹੀ ਇਨਸਾਨ ਨੂੰ ਆਪਣੇ ਮਾਲਕ ਸਿਰਜਣਹਾਰ ਤੋਂ ਦੂਰ ਕਰੀ ਰੱਖਣ ਲਈ ਇਕ ਪਰਵਾਰ ਇਨਸਾਨ ਜਾਤੀ ਨੂੰ ਧਰਮ ਦੇ ਨਾਮ ਉਤੇ ਵਰਣਾਂ ਵਿਚ ਵੰਡਦਾ ਹੈ। ਆਪਣੇ ਆਪਨੂੰ ਸੱਭ ਤੋਂ ਉਚਾ ਸੁਚਾ ਅਤੇ ਸੱਭ ਅਧਿਕਾਰਾਂ ਦਾ ਮਾਲਕ ਬ੍ਰਾਹਮਣ ਐਲਾਨਦਾ ਹੈ। ਅਸਲ ਖੱਤਰੀ ਜੋ ਨੇਕੀ ਲਈ ਨਿਰਸਵਾਰਥ ਰਣ ਤੱਤੇ ਵਿਚ ਸੀਸ ਦੇ ਦਾਨ ਦਾ ਪ੍ਰਤੀਕ ਇਨਸਾਨ ਸੀ, ਨੂੰ ਆਪਣੇ ਰਾਜ ਲਈ ਲੜਨ ਵਾਲੇ ਖੱਤਰੀ ਕਰੀ ਬੈਠਾ ਹੈ। ਅਪਣੇ ਲਈ ਸਰਮਾਇਆ ਕੱਠਾ ਕਰਨ ਵਾਲਿਆਂ ਨੂੰ ਵੈਸ਼ ਐਲਾਨਦਾ ਹੈ। ਇਨਾਂ ਤਿੰਨਾਂ ਦੀ ਗੁਲਾਮੀ ਕਰਨ ਵਾਲਿਆਂ ਨੂੰ ਸ਼ੂਦਰ ਨੀਚ ਐਲਾਨਦਾ ਹੈ। ਇਨਾਂ ਤੋਂ ਇਕੋ ਇਨਸਾਨ ਜਾਤ ਵਿਚੋਂ ਹੀ ਸਭ ਬਰਾਬਰ ਇਨਸਾਨ ਭਾਈ ਹੋਣ ਦਾ ਹੱਕ ਖੋਹਦਾਂ ਹੈ। ਇਨਾਂ ਦੀ ਹਰ ਤਰਾਂ ਦੀ ਲੁਟ ਅਤੇ ਇਨਾਂ ਤੇ ਹਰ ਜੁਲਮ ਕਰਨ ਦਾ ਇਹ ਬ੍ਰਾਹਮਣ ਆਪਣਾ ਅਤੇ ਬਾਕੀ ਦੋਹਾਂ ਉਚ ਜਾਤੀਆਂ ਦਾ ਜਮਾਂਦਰੂ ਅਧਿਕਾਰ ਐਲਾਨਦਾ ਹੈ। ਇਸ ਕਰਦ ਬ੍ਰਾਹਮਣ ਨੇ ਆਪਣੇ ਆਪਨੂੰ ਅਤੇ ਬਾਕੀ ਦੋਹਾਂ ਨੂੰ ਬਾਕੀ ਇਨਸਾਨ ਜਾਤੀ ਤੋਂ ਉਪਰ ਚੁੱਕ ਲਿਆ ਹੈ ਅਤੇ ਇਸ ਹਾਉਮੇ ਨਾਲ ਜਮ ਦੇ ਮਾਰਗ ਲਈ ਆਪਾ ਕਾਇਮ ਕਰੀ ਬੈਠਾ ਹੈ। ਨੀਚ ਗੁਲਾਮ ਐਲਾਨਿਆਂ ਨੂੰ ਬਿਪਰਣ ਦੇ ਮੁਦਤਾਂ ਦੇ ਝੂਠ, ਗੁਲਾਮੀ ਅਤੇ ਜੁਲਮ ਨੇ ਇਹ ਸਵਿਕਾਰ ਕਰਵਾ ਦਿੱਤਾ ਹੈ ਕਿ ਉਹ ਸੱਚ ਮੁਚ ਹੀ ਰੱਬ ਵੱਲੋਂ ਨੀਚ ਕੀਤੇ ਹੋਏ ਹਨ। ਰੱਬ ਅਤੇ ਇਨਸਾਨ ਦੇ ਫਰੇਬੀ ਧੋਖੇਬਾਜ ਬਿਪਰਣ ਦਾ ਕੋਈ ਗੁਲਾਮ ਆਪਣੇ ਅਤੇ ਸੱਭ ਦੇ ਉਪਰ ਇਕੋ ਰੱਬ ਕਰਤੇ ਵੱਲ ਚੱਲ ਤਾਂ ਕੀ,

ਇਸ ਵਾਰੇ ਕਦੇ ਜਾਣ ਵੀ ਨਹੀਂ ਸਕਦਾ। ਬਿਨਾਂ ਕਿਸੇ ਸ਼ੱਕ ਦੀ ਗੁੰਜਾਇਸ਼, ਬਿਪਰਨ ਨੇ ਆਪਣੇ ਨਾਲ ਹੀ ਆਪਣੇ ਨੀਚ ਸ਼ੂਦਰ ਐਲਾਨਕੇ ਮੁਦਤਾਂ ਤੋਂ ਆਪਣੇ ਗੁਲਾਮ ਕੀਤਿਆਂ ਅਤੇ ਜੂਨ ਚੋਰਾਸੀ ਮਗਰੋਂ ਸਿਖ ਸਰੂਪ ਵਿਚ ਆਪਣੇ ਗੁਲਾਮ ਕੀਤਿਆਂ ਲਈ ਵੀ ਜੰਮ-ਜੂਨਾਂ ਦੇ ਮਾਰਗ ਨੂੰ ਪੱਕਾ ਕਰੀ ਬੈਠਾ ਹੈ। ਕਰਤਾ ਦੇ ਕੁਦਰਤ ਵਿਚ ਕਰਮ ਅਨੁਸਾਰ ਨਿਆਂ ਦੇ ਸੱਚ ਕਾਨੂੰਨ ਅਨੁਸਾਰ ਬਿਪਰਨ ਦੇ ਇਸ ਵਰਣ ਵੰਡ ਦੁਆਰਾ ਊਚ ਨੀਚ ਦੇ ਉਸਾਰੇ, ਰੱਬ ਅਤੇ ਇਨਸਾਨ ਨਾਲ ਅਕ੍ਰਿਤਘਣੀ ਢਾਂਚੇ ਨੂੰ ਸਵਿਕਾਰ ਕਰਨ ਵਾਲਾ, ਇਸ ਅਧੀਨ ਰਹਿ ਕੇ ਕਦੇ ਬਿਪਰਨ ਰੀਤ-ਕਰਮਾਂ ਤੋਂ ਨਾ ਛੁਟਕਾਰਾ ਪਾ ਸਕਣ ਵਾਲਾ, ਆਪਣੇ ਲਈ ਸਿਰਫ ਤੇ ਸਿਰਫ ਜੰਮ ਦੇ ਮਾਰਗ - ਜੂਨਾਂ ਹੀ ਪੱਕਾ ਕਰ ਰਿਹਾ ਹੈ।

ਜਿਵੇਂ ਬਿਪਰਨ ਮੁਖੀ ਬ੍ਰਾਹਮਣ ਪੰਡਤ ਆਪਣੀ ਜਾਤ ਨੂੰ ਆਪਣੇ ਸਮਾਜ ਵਿਚ, ਉਨਾਂ ਸਭ ਦੇ ਉਪਰ ਹੋਣਾਂ ਐਲਾਨਦਾ ਹੈ ਅਤੇ ਬਾਕੀ ਸੱਭ ਨੂੰ ਉਸ ਤੋਂ ਨੀਚ ਨੀਵੇਂ, ਇਵੇ ਹੀ ਯਹੂਦੀ ਉਸ ਨੂੰ ਹੀ ਰੱਬ ਵੱਲੋਂ ਸਮੂਹ ਮਨੁਖ ਜਾਤੀ ਵਿਚੋਂ ਵਿਸ਼ੇਸ਼ ਚੁਣਿਆਂ ਹੋਇਆ ਐਲਾਨਕੇ ਬਾਕੀ ਸਭ ਨੂੰ ਆਪਣੇ ਤੋਂ ਨੀਚ ਐਲਾਨਦਾ ਅਤੇ ਜਾਣਦਾ ਹੈ। ਇਸਲਾਮ ਨੂੰ ਮੰਨਣ ਵਾਲੇ ਸਿਰਫ ਤੇ ਸਿਰਫ ਆਪਣੇ ਫਿਰਕੇ ਨੂੰ ਹੀ ਸਮੂਹ ਮਨੁਖ ਜਾਤੀ ਵਿਚੋਂ ਅੱਲਾ ਨੂੰ ਪਿਆਰੇ ਤੇ ਮੰਨਣ ਵਾਲੇ ਐਲਾਣਦਾ ਹੈ ਅਤੇ ਸੰਸਾਰ ਉਤੇ ਆਪਣੇ ਫਿਰਕੇ ਦੇ ਹੀ ਵੱਡੇ ਹੋਣ ਦਾ ਦਾਹਵਾ ਜਿਤਾਂਦਾ ਹੈ। ਬਾਕੀਆਂ ਨੂੰ ਕਾਫਰ ਜਾਣਕੇ ਉਨਾਂ ਦੇ ਖਾਤਮੇਂ ਨੂੰ ਪੁੰਨ ਐਲਾਨਦਾ ਹੈ। ਇਥੇ ਹੀ ਬਸ ਨਹੀਂ ਸਗੋਂ ਇਕ ਅੱਲਾ ਨੂੰ ਮੰਨਣ ਵਾਲੇ ਸ਼ੀਆ, ਸੁਨੀ ਅਤੇ ਹੁਣ ਅਹਿਮਦੀਏ ਆਪਣੇ ਧਰਮ, ਸਮਾਜ ਜਾਂ ਦੇਸ਼ ਦੀ ਅਗਵਾਈ ਦਾ ਆਪਣਾ ਆਪਣਾ ਦਾਹਵਾ ਜਿਤਾਂਦੇ, ਇਕ ਦੂਜੇ ਦਾ ਖ਼ੂਨ ਬਹਾਣਾਂ ਅੱਲਾ ਨੂੰ ਪਿਆਰਾ ਕਰਮ ਕਰੀ ਬੈਠੇ ਨੇ। ਇਥੇ ਹੀ ਬੱਸ ਨਹੀਂ ਸੁਡਾਨ (Sudan) ਦੇ ਦਾਫੋਰ (Darfur) ਇਲਾਕੇ ਵਿਚ ਅਰਬੀ ਮੂਲ ਦੇ ਗੋਰੇ ਘੋੜਸਵਾਰ (arabischen Reiter-Nomaden) ਸਰਕਾਰੀ ਸ਼ਹਿ ਉਤੇ ਆਪਣੇ ਹੀ ਇਕ ਅੱਲਾ ਅਤੇ ਧਰਮ ਗ੍ਰੰਥ ਪਵਿਤ੍ਰ ਕੁਰਾਨ ਸ਼ਰੀਫ ਨੂੰ ਮੰਨਣ ਵਾਲੇ ਆਪਣੇ ਹੀ ਭਾਈ ਲੋਕਾਂ ਨੂੰ, ਰੰਗ ਦੇ ਕਾਲੇ ਹੋਣ ਕਰਕੇ ਬਹਿਰਮੀ ਨਾਲ ਕਤਲ ਕਰ ਰਹੇ ਨੇ, ਉਜਾੜ ਰਹੇ ਨੇ ਅਤੇ ਹੁਣ ਤੱਕ ਚਾਰ ਲੱਖ ਨਰਦੋਸ਼ ਆਪਣੇ ਹੀ ਭਾਈਆਂ ਦੇ ਖ਼ੂਨ ਨਾਲ ਆਪਣੇ ਹੱਥਾਂ ਨੂੰ ਰੰਗੀ ਬੈਠੇ ਨੇ।

ਆਪਣੀ ਉਚਮਤਾ ਦਾ ਦਾਹਵਾ ਜਿਤਾਣ ਲਈ ਇਸਲਾਮ ਨੂੰ ਮੰਨਣ ਵਾਲੇ ਹੁਕਮਰਾਨਾਂ ਗੁਰੂ ਸਮੇਂ ਤੋਂ ਚੱਲਕੇ ਕੀ, ਕੀ ਕੀਤਾ ਅਤੇ ਗੁਰੂਆਂ ਅਤੇ ਖਾਲਸਾ ਪੰਥ ਆਪਣੇ ਪਿੰਡੇ ਕੀ ਕੀ ਹੰਢਾਇਆ, ਜੇ ਕੋਈ ਅਣਜਾਣ ਹੈ ਤਾਂ ਗੁਰੂ ਸਮੇਂ ਤੋਂ ਸਿਖ ਇਤਿਹਾਸ ਦੀਆਂ ਕਿਤਾਬਾਂ ਨੂੰ ਪੜ੍ਹਕੇ ਸੱਚ ਜਾਣ ਸਕਦਾ ਹੈ।

ਪਵਿਤ੍ਰ ਬਾਇਬਲ ਸੰਸਾਰ ਦੀ ਸਿਰਜਨਾਂ ਤੋਂ ਪਹਿਲੇ ਰੱਬ ਦੀ ਹੋਂਦ, ਉਸ ਦੇ ਸੱਚੇ ਸ਼ਬਦ ਦੁਆਰਾ ਹੋਣੀਂ ਅਤੇ ਇਸ ਸ਼ਬਦ ਦੁਆਰਾ ਰੱਬ ਵੱਲੋਂ ਆਪਣੀ ਰਜਾ-ਮਰਜੀ ਤੇ ਸਾਡੀ, ਭਾਵ ਸਮੂਹ ਮਨੁੱਖ ਜਾਤੀ ਦੀ ਕੀਤੀ ਸਿਰਜਣਾਂ ਐਲਾਨਦੀ ਹੈ।

**Im Anfang war das Wort,**
**und das Wort war bei Gott,**
**und das Wort war Gott. (Joh 1,1)**
**Aus freiem Willen hat er uns durch das Wort der Wahrheit geboren, ---- (Jak 1,18)**

ਫਿਰ ਵੀ ਇਸ ਨੂੰ ਮੰਨਣ ਵਾਲਿਆਂ ਨੇ ਸੰਸਾਰ ਤੇ ਰਾਜ ਕਰਨ ਦੀ ਲਾਲਸਾ ਵਿਚ ਬਾਕੀਆਂ ਨੂੰ ਆਪਣੇ ਗੁਲਾਮ ਕਰਕੇ ਰਾਜ ਕਰਨ ਲਈ ਉਨਾਂ ਦੇ ਖ਼ੂਨ ਨੂੰ ਬਹਾਣ ਤੋਂ ਕੋਈ ਗੁਰੇਜ਼ ਨਾ ਕੀਤੀ ਅਤੇ ਬਾਕੀਆਂ ਨੂੰ ਆਪਣੀ ਆਜਾਦੀ ਲਈ ਭਾਰੀ ਕੀਮਤ ਤਾਰਨੀ ਪਈ। ਇਸਾਈ ਦੇਸ਼ ਵਿਚ ਜੰਮੇਂ ਹਿਟਲਰ ਵੱਲੋਂ ਜਿਥੇ ਛੇ ਮਿਲੀਅਨ ਯਹੂਦੀਆਂ ਨੂੰ ਬੜੀ ਬੇਰਹਮੀ ਨਾਲ ਕਤਲ ਕੀਤਾ ਉਥੇ ਜੰਗ ਨਾਲ ਆਪਣੇ ਹੀ ਇਸਾਈ ਦੇਸ਼ਾਂ ਦੀ ਲੋਕਾਂ ਦੀ ਭਾਰੀ ਤਬਾਹੀ ਵੀ ਕਰਵਾਈ। ਅਪਾਰਥਾਇਡ ਕਾਨੂੰਨ ਦੁਆਰਾ ਕਾਲੇ, ਭੂਰੇ ਰੰਗ ਦੀ ਬਿਨਾਂ ਤੇ ਇਕ ਮਨੁਖ ਜਾਤ ਭਾਈ ਨੂੰ ਨਫਰਤ ਕਰਨ ਦੇ ਬੀਜ ਬੋ ਦਿੱਤੇ। ਇਹ ਬੀਜੇ ਬੀਜ ਹੀ ਹਨ ਕਿ ਸੰਸਾਰ ਭਰ ਵਿਚ ਸਿਖਰ ਬਿਪਰਨ ਆਰੀਆ ਦੀ ਗੋਰੇ ਰੰਗ ਦੀ ਆਰੀਅਨ ਕਹਾਉਣ ਵਾਲੀ ਇਕ ਨਿਕੇ ਹਿਸੇ ਵਿਚ ਨਾਜ਼ੀ ਔਲਾਦ, ਯਹੂਦੀਆਂ ਦੇ ਹਿਟਲਰ ਵਲੋਂ ਕਰਵਾਏ ਭਿਆਨਕ ਕਤਲੇਆਮ ਦੇ ਸੱਚ ਨੂੰ ਸ਼ਰੇਆਮ ਨਾ ਹੋਇਆ ਐਲਾਨਦੀ ਹੈ ਅਤੇ ਆਪਣੇ ਦੇਸ਼ਾਂ ਵਿਚੋਂ ਹੋਰ ਰੰਗ ਦੇ ਅਤੇ ਬਾਹਰਲੇ ਬਸ਼ਿੰਦਿਆਂ ਨੂੰ ਕੱਢਣ ਲਈ ਦਹਿਸ਼ਤ ਫੈਲਾ ਰਹੀ ਹੈ। ਜਿਵੇਂ ਸਿਖਰ ਬਿਪਰਨ ਬ੍ਰਾਹਮਣ ਪਾਂਡਾ ਝੂਠ ਬੋਲਣ ਦਾ ਆਦੀ ਹੈ ਇਵੇਂ ਹੀ ਇਸ ਦੀ ਨਾਜ਼ੀ ਔਲਾਦ ਵੀ ਰੱਜਕੇ ਝੂਠ ਬੋਲਦੀ ਹੈ।

**ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥** (ਪੰਨਾ 904)

ਭਾਰਤ ਵਿਚ ਬਿਪਰਨ ਤਖਤ ਵੱਲੋਂ ਆਪਣੇ ਪਾਲੇ ਧਾਰਮਕਿ ਨਾਜੀ ਗੁੰਡਿਆਂ ਦੁਆਰਾ ਜਦੋਂ ਵੀ ਕਿਸੇ ਘੱਟ ਗਿਣਤੀ ਦਾ ਕਤਲ ਕਰਵਾਇਆ ਗਿਆ ਕਦੇ ਨਹੀ ਵੇਖਿਆ ਕਿ ਕੋਈ ਹਿੰਦੂ ਜਥੇਬੰਦੀ ਇਸ ਖਿਲਾਫ ਮੁਜਾਹਰੇ ਕਰਨ ਨਿਕਲੀ ਹੋਵੇ। ਜਦਕਿ ਇਸਾਈ ਦੇਸ਼ ਜਰਮਨੀ ਵਿਚ ਅਤੇ ਕਈ ਹੋਰ ਇਸਾਈ ਦੇਸ਼ਾਂ ਵਿਚ ਜੇ ਨਾਜ਼ੀ ਰੰਗ ਦੀ ਜਾਂ ਦੇਸ਼ ਦੀ ਬਿਨਾ ਤੇ ਕਿਸੇ ਨੂੰ ਆਪਣੇ

ਜ਼ੁਲਮ ਦਾ ਸ਼ਿਕਾਰ ਬਣਾਉਂਦੇ ਹਨ ਤਾਂ ਇਸ ਕੁਕਰਮ ਖਿਲਾਫ ਲੱਖਾਂ ਹੀ ਇਸਾਈ ਲੋਕ ਮਜਾਹਰਿਆਂ ਲਈ ਸੜਕਾਂ ਤੇ ਆ ਜਾਂਦੇ ਨੇ ਅਤੇ ਇਹ ਅਹਿਸਾਸ ਕਰਵਾਂਦੇ ਨੇ ਕਿ ਉਹ ਇਨਸਾਨ ਜਾਤ ਨੂੰ ਇਕ ਬਾਪ ਦੀ ਹੀ ਇਕ ਸੰਤਾਨ ਵਜੋਂ ਜਾਣਦੇ ਨੇ। ਗੁਰਬਾਣੀ ਮਨੁਖ ਜਾਤੀ ਨੂੰ ਇਕ ਪ੍ਰਵਾਰ, ਇਸ ਵਿਚ ਸਭ ਮਰਦ, ਔਰਤ ਅਤੇ ਬੱਚੇ ਨੂੰ ਬਰਾਬਰ, ਸਮਾਨ ਇਨਸਾਨ ਜਾਨਣਾਂ ਅਤੇ ਸਤਿਕਾਰਨਾਂ ਇਕ ਸਿਖ ਲਈ ਸੱਭ ਦੇ ਸਿਰਜਣਹਾਰ ਇਕੋ ਰੱਬ ਕਰਤੇ ਦਾ ਹੁਕਮ ਐਲਾਨਦੀ ਹੈ। ਇਸ ਪਵਿਤ੍ਰ ਸੱਚ ਨਿਯਮ ਨੂੰ ਸਵਿਕਾਰ ਕਰਨ, ਮੰਨਣ ਅਤੇ ਮਾਨਤਾ ਦੇਣ ਵਾਲੇ ਨੂੰ ਹੀ ਬੰਦਾ ਸਵਿਕਾਰਦੀ ਹੈ। ਚੰਗਾਂ, ਮੰਦਾ ਸਿਰਜਣਹਾਰ ਦਾ ਹੀ ਕੀਤਾ ਹੋਣਾਂ, ਸੱਚ ਐਲਾਨਦੀ ਹੈ।

**ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥**
**ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥** (ਪੰਨਾ 1349-50)

ਗੁਰਮਤਿ ਇਕ ਮਨੁਖ ਜਾਤੀ ਨੂੰ, ਕੋਈ ਚੰਗਾ, ਕੋਈ ਮੰਦਾ, ਕਰਤਾ ਦੇ ਇਕ ਹੀ ਨੂਰ ਤੋਂ ਪੈਦਾ ਹੋਈ ਇਕੋ ਪਿਤਾ ਦੀ ਇਕ ਬਰਾਬਰ ਸੰਤਾਨ ਦੇ ਸੱਚ ਨੂੰ ਹੀ ਜਾਣਦੀ ਹੈ ਅਤੇ ਚੰਗਾ ਮੰਦਾ ਕਰਤੇ ਦੀ ਰਜਾ ਤੇ ਹੀ ਹੋਇਆ ਐਲਾਨਦੀ ਹੈ। ਸੋ ਗੁਰਸਿਖ ਲਈ ਕਰਤੇ ਦੀ ਕੀਤੀ ਨੂੰ ਨਫਰਤ ਕਰਨਾਂ, ਕਰਤੇ ਨੂੰ ਨਫਰਤ ਕਰਨਾਂ ਹੈ। ਗੁਰਮਤਿ ਬਿਨਾਂ ਕਿਸੇ ਮਾੜੇ ਇਨਸਾਨ ਨੂੰ ਨਫਰਤ ਕੀਤਿਆਂ, ਉਸ ਦੇ ਮਾੜੇ ਕਰਮ ਦਾ ਅਡੋਲ ਵਿਰੋਧ ਕਰਨਾਂ, ਧਰਮ ਦਾ ਕਰਮ ਐਲਾਨਦੀ ਹੈ। ਗੁਰਸਿਖ ਕਰਤੇ ਦੀ ਕੀਤੀ ਵਿਚ ਆਪਣੇ ਲਈ ਗੁਰੂ ਮਤਿ ਦੁਆਰਾ ਕਰਤੇ ਦੇ ਹੁਕਮ ਅਤੇ ਰਜਾ ਦੇ ਕਰਮ ਨੂੰ ਪਛਾਣਦਾ ਹੈ। ਇਹ ਹੈ ਗੁਰਸਿਖ ਲਈ ਆਪਣੇ ਸਿਰਜਣਹਾਰ ਰੱਬ ਨਾਲ ਮਿਲਾਪ ਲਈ ਗੁਰਮਤਿ ਅਧਾਰ-ਸ਼ਰਤ, ਜੋ ਗੁਰਸਿਖ ਅਤੇ ਮਨਮਤਿ ਜੀਵਨ ਜਾਚ ਦੇ ਰਾਹਾਂ ਨੂੰ ਇਕ ਦੂਜੇ ਤੋਂ ਨਖੇੜਦੀ ਹੈ।

ਗੁਰਸਿਖ ਨੂੰ ਇਕੋ ਹੀ ਰੱਬ ਹਰ ਇਨਸਾਨ, ਜੀਵ ਜੰਤੂ ਅਤੇ ਕੁਦਰਤ ਵਿਚ ਮਹਿਸੂਸ ਹੁੰਦਾ ਹੈ ਅਤੇ ਉਸ ਨੂੰ ਕਰਤੇ ਦੀ ਹੋਂਦ ਦਾ ਸੱਚ, ਅਦੁਤੀ ਅਨਮੋਲ ਖਸ਼ੀ ਦਾ ਅਨੁਭਵ ਹੁੰਦਾ ਹੈ। ਉਹ ਇਕ ਪਪੀਹੇ ਦੀ ਤਰਾਂ ਪਿਆਸਾ ਹੋਇਆ ਗੁਰੂ ਹੁਕਮਾਂ ਦੀ ਕਾਰ ਵਿਚ ਲਗ ਤੁਰਦਾ ਹੈ। ਉਸ ਨੂੰ ਸਿਰਫ ਤੇ ਸਿਰਫ ਇਕ ਹੀ ਰੱਬ ਸਭ ਦਾ ਅਤੇ ਇਸੇ ਦੇ ਅਧੀਨ ਹੀ ਸਭ ਕੁਝ ਵਰਤ ਰਿਹਾ ਨਜ਼ਰ ਆਉਂਦਾ ਹੈ। ਇਹ ਅਨਮੋਲ ਅਨੁਭਵ ਗੁਰੂ ਦੀ ਕਿਰਪਾ ਨਾਲ ਹੀ ਕਿਸੇ ਵਡਭਾਗੀ ਨੂੰ ਪ੍ਰਾਪਤ ਹੁੰਦਾ ਹੈ। ਇਕ ਮਨੁਖ ਜਾਤੀ ਅਤੇ ਇਸ ਦਾ ਸਿਰਜਣਹਾਰ ਇਕੋ ਰੱਬ ਮੰਨਣ ਵਾਲਾ ਹੀ ਕੋਈ ਗੁਰਸਿਖ ਜਮ-ਜੂਨਾਂ ਦੇ ਗਲ ਪਏ ਫੰਦੇ ਨੂੰ ਲਾਹ ਸਕਦਾ ਹੈ, ਵੇਖੋ ਇਹ ਗੁਰਬਾਣੀ ਸੱਚ:

**ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥ ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥** (ਪੰਨਾ 65-66)
**ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ ॥**
**ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ ॥** (ਪੰਨਾ 96)
**ਸਭੁ ਕੋ ਆਸੈ ਤੇਰੀ ਬੈਠਾ ॥ ਘਟ ਘਟ ਅੰਤਰਿ ਤੂੰਹੈ ਵੁਠਾ ॥**
**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥** (ਪੰਨਾ 97)
**ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥**
**ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥** (ਪੰਨਾ 120)
**ਗੁਰ ਪਰਸਾਦੀ ਦੁਰਮਤਿ ਖੋਈ ॥ ਜਹ ਦੇਖਾ ਤਹ ਏਕੋ ਸੋਈ ॥** (ਪੰਨਾ 375)
**ਸੋ ਪ੍ਰਭੁ ਜਾਣੀਐ ਸਦ ਸੰਗਿ ॥ ਗੁਰ ਪ੍ਰਸਾਦੀ ਬੂਝੀਐ ਏਕ ਹਰਿ ਕੈ ਰੰਗਿ ॥** (ਪੰਨਾ 405)
**ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ ॥**
**ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ ॥** (ਪੰਨਾ 435)
**ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥**
**ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥** (ਪੰਨਾ 441)
**ਸਭੁ ਕਿਛੁ ਤਿਸ ਕੈ ਵਸਿ ਨ ਕੋਈ ਬਾਹਰਾ ॥ ਸੋ ਭਗਤਾ ਮਨਿ ਵੁਠਾ ਸਚਿ ਸਮਾਹਰਾ ॥** (ਪੰਨਾ 522)
**ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ ॥ ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ ॥** (ਪੰਨਾ 557)
**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥**

ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥ (ਪੰਨਾ 647)
ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ ॥ ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ ॥ (ਪੰਨਾ 666)
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥ ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥ (ਪੰਨਾ 732)
ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥ ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥ (ਪੰਨਾ 757)
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥ (ਪੰਨਾ 922)
ਸਰਬ ਨਿਰੰਤਰਿ ਖਸਮੁ ਏਕੋ ਰਵਿ ਰਹਿਆ ॥ ਗੁਰ ਪਰਸਾਦੀ ਸਚੁ ਸਚੋ ਸਚੁ ਲਹਿਆ ॥ (ਪੰਨਾ 961)
ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥
ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ ॥ (ਪੰਨਾ 993)
ਸਭਨਾ ਵਿਚਿ ਵਰਤੈ ਇਕੁ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਨਾਇ ਸਾਚੈ ਅੰਮ੍ਰਿਤੁ ਪੀਜੈ ਹੇ ॥ (ਪੰਨਾ 1049)
ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥ (ਪੰਨਾ 1056)
ਜਹ ਰਾਖੈ ਸੋਈ ਸੁਖ ਥਾਨਾ ॥ ਸਹਜੇ ਹੋਇ ਸੋਈ ਭਲ ਮਾਨਾ ॥
ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ ॥ (ਪੰਨਾ 1077)
ਗੁਣ ਅਵਗੁਣ ਸਮਾਨਿ ਹਹਿ ਜਿ ਆਪਿ ਕੀਤੇ ਕਰਤਾਰਿ ॥
ਨਾਨਕ ਹੁਕਮਿ ਮੰਨਿਐ ਸੁਖੁ ਪਾਈਐ ਗੁਰ ਸਬਦੀ ਵੀਚਾਰਿ ॥ (ਪੰਨਾ 1092)
ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥ (ਪੰਨਾ 1101-1102)
ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥ ਨਾਨਕ ਨਾਮਿ ਰਤੇ ਦਰਿ ਨੀਸਾਣੁ ॥ (ਪੰਨਾ 1175)
ਗੁਰ ਪਰਸਾਦੀ ਦ੍ਰਿਸਟਿ ਨਿਹਾਰਉ ਦੂਸਰ ਨਾਹੀ ਕੋਇ ॥
ਦਾਨੁ ਦੇਹਿ ਨਾਨਕ ਅਪਨੇ ਕਉ ਚਰਨ ਜੀਵਾਂ ਸੰਤ ਧੋਇ ॥ (ਪੰਨਾ 1223)
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥
ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥ (ਪੰਨਾ 1257)
ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥,
ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥ (ਪੰਨਾ 1349-50)

ਗੁਰਸਿਖ ਨੂੰ ਕਰਤੇ ਦਾ ਸੱਭ ਨੂੰ ਇਕ ਸਮਾਨ ਇਨਸਾਨ ਜਾਤ ਭਾਈ ਮੰਨਣ ਦਾ ਪਵਿਤ੍ਰ ਸੱਚ ਨਾ ਵਿਸਰ ਜਾਵੇ, ਦਸ਼ਮੇਸ਼ ਪਿਤਾ ਜੀ ਗੁਰਬਾਣੀ ਦੇ ਹੁਕਮ-ਉਪਦੇਸ਼ ਨੂੰ ਸੱਭ ਦੇ ਸਮਝ ਪੈ ਜਾਣ ਵਾਲੇ ਬਹੁਤ ਹੀ ਸਰਲ ਅਤੇ ਸਾਦੇ ਹਰਫਾਂ ਵਿਚ ਗੁਰਸਿਖ ਦੀ ਯਾਦ ਲਈ ਅੰਕਤ ਕਰਦੇ ਨੇ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਇ ਰਾਜਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥ (ਅਕਾਲ ਉਸਤਤ ਪਾ: ੧੦)

ਗੁਰਬਾਣੀ ਬਿਪਰਨ ਦੇ ਜਾਤਪਾਤ ਦੇ ਉਸਾਰੇ ਕੂੜ ਢਾਂਚੇ ਦਾ ਡੱਟਕੇ ਵਿਰੋਧ ਅਤੇ ਇਸ ਨੂੰ ਰੱਦ ਕਰਦੀ ਹੈ। ਇਕ ਮਾਨਸ ਜਾਤ ਅਤੇ ਭਿੰਨ ਭਿੰਨ ਜੀਵ ਜੰਤੂ-ਕਿਸਮ ਜਾਤਾਂ ਹਨ। ਹਰ ਵਿਚ ਇਨਾਂ ਸਭ ਨੂੰ ਕਰਨ ਵਾਲਾ ਹਰਿ ਕਰਤਾ ਵਸਦਾ ਹੈ। ਕਿਸੇ ਸਾਕਤ ਵਲੋਂ ਕਾਇਮ ਕੀਤੀ ਉਚੀ ਜਾਤ ਦੇ ਅਧਾਰ ਤੇ ਨਹੀਂ ਸਗੋਂ ਇਨਸਾਨ ਦੁਆਰਾ ਕੀਤੇ ਕਰਮਾਂ ਦੇ ਅਨੁਸਾਰ ਹੀ ਕਰਤੇ ਦੇ ਨਿਆਂ ਕਾਨੂੰਨ ਦਾ ਕੀਤਾ ਫੈਸਲਾ ਹਰ ਇਕ ਨੂੰ ਨਸੀਬ ਹੋਣਾਂ ਹੈ। ਗੁਰੂ ਦਰਸਾਏ ਕਰਮਾਂ ਦੁਆਰਾ ਆਪਣੇ ਸਿਰਜਣਹਾਰ ਵੱਲ ਨੂੰ ਤੁਰਨ

ਵਾਲਾ ਹੀ ਇਨਸਾਨ ਜਾਤ ਬੰਦਾ, ਗੁਰੂ ਨੂੰ ਵਿਸਾਰ ਉਸ ਦੇ ਹੁਕਮਾਂ ਦੇ ਉਲਟ ਤੁਰਨ ਵਾਲਾ, ਕਮਜਾਤ ਗੁਰਮਤਿ ਸਚ ਐਲਾਨਦੀ ਹੈ।

ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥ (ਪੰਨਾ 3)

ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥ (ਪੰਨਾ 10)

ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ ॥ (ਪੰਨਾ 83)

ਜਾਤਿ ਵਰਨ ਤੁਰਕ ਅਰੁ ਹਿੰਦੂ ॥ ਪਸੁ ਪੰਖੀ ਅਨਿਕ ਜੋਨਿ ਜਿੰਦੂ ॥

ਸਗਲ ਪਾਸਾਰੁ ਦੀਸੈ ਪਾਸਾਰਾ ॥ ਬਿਨਸਿ ਜਾਇਗੋ ਸਗਲ ਆਕਾਰਾ ॥ (ਪੰਨਾ 237)

ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥

ਬਾਹਰਿ ਭੇਖ ਅੰਤਰਿ ਮਲੁ ਮਾਇਆ ॥ ਛਪਸਿ ਨਾਹਿ ਕਛੁ ਕਰੈ ਛਪਾਇਆ ॥ (ਪੰਨਾ 267)

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥ (ਪੰਨਾ 349)

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ (ਪੰਨਾ 466)

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥

ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥,

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ (ਪੰਨਾ 469)

ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ ॥ ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥ (ਪੰਨਾ 1094)

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ (ਪੰਨਾ 1127-1128)

ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ ॥ ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥ (ਪੰਨਾ 1288)

ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ ॥

ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥ (ਪੰਨਾ 1309)

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥

ਜਨਮ ਮਰਨ ਦੁਖੁ ਕਾਟੀਐ ਨਾਨਕ ਛੂਟਸਿ ਨਾਇ ॥ (ਪੰਨਾ 1330)

ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥ (ਪੰਨਾ 1346)

ਕਬੀਰ ਨਾ ਮੋੁਹਿ ਛਾਨਿ ਨ ਛਾਪਰੀ ਨਾ ਮੋੁਹਿ ਘਰੁ ਨਹੀ ਗਾਉ ॥

ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ ॥ (ਪੰਨਾ 1367)

ਗੁਰੂ ਤੇ ਉਸ ਨਾਲ ਹੀ ਹੋਣ ਦਾ ਸੱਚ ਐਲਾਨਦੇ ਹਨ ਜਿਨਾਂ ਨੇ ਹਰ ਪ੍ਰਕਾਰ ਦੀ ਦੁਨਿਆਵੀ ਉਚਤਾ ਦੀ ਹਾਉਮੈ ਨੂੰ ਖਤਮ ਕਰਕੇ ਆਪਣੇ ਆਪਨੂੰ ਅਤਿ ਨਿੱਕਾ-ਨੀਚਾ ਕਰ ਰੱਖਿਆ ਹੈ। ਇਹ ਹੀ ਹਨ ਗਰੁਸਿਖ ਜੋ ਗੁਰੂ ਦਰਸਾਏ ਸਮੂਹ ਹੁਕਮਾਂ ਨੂੰ ਅਮਲੀ ਕਰਮਾਂ ਦੁਆਰਾ ਮਨ ਨੂੰ ਆਪਣੇ ਰੱਬ ਕਰਤੇ ਦੇ ਚਰਨੀਂ, ਭਾਵ ਹਵਾਲੇ ਕਰਕੇ ਜਾਂ ਮਨ ਦੀ ਹੋਂਦ ਨੂੰ ਖਤਮ ਕਰਕੇ, ਕਰਤੇ ਵਾਰੇ ਗਿਆਨ ਦੀ, ਪਤ ਦੀ, ਉਸ ਦੇ ਨਾਮ ਦੀ ਸੋਝੀ ਅਤੇ ਦਾਤ ਦੁਆਰਾ, ਨਾਮ ਸਰੂਪ ਇਨਸਾਨ ਜਾਤ-ਆਤਮਾਂ ਨੂੰ ਜਿਸ ਦੀ ਇਹ ਅੰਸ਼, ਉਸ ਦੀ ਕਰਕੇ ਨਿਰਬਾਣ ਪੱਦ ਨੂੰ ਪ੍ਰਾਪਤ ਹੁੰਦੇ ਨੇ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (ਪੰਨਾ 15)

ਜੋਤਿ ਕੀ ਜਾਤਿ ਜਾਤਿ ਕੀ ਜੋਤੀ ॥ ਤਿਤੁ ਲਾਗੇ ਕੰਚੂਆ ਫਲ ਮੋਤੀ ॥ (ਪੰਨਾ 325)

ਹਮਰੀ ਜਾਤਿ ਪਤਿ ਸਚੁ ਨਾਉ ॥ ਕਰਮ ਧਰਮ ਸੰਜਮੁ ਸਤ ਭਾਉ ॥ (ਪੰਨਾ 353)

ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥ ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥ (ਪੰਨਾ 426)

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ ਮੰਗਾ ਜਿ ਤੁਝੈ ਧਿਆਇਦੇ ॥ (ਪੰਨਾ 468)

ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ ॥

ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ ॥ (ਪੰਨਾ 498)

ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥
ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥ (ਪੰਨਾ 659)
ਸੰਤ ਜਨਾ ਕੀ ਜਾਤਿ ਹਰਿ ਸੁਆਮੀ ਤੁਮ੍ ਠਾਕੁਰ ਹਮ ਸਾਂਗੀ ॥
ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ ਬੁਲਗ ਬੁਲਾਗੀ ॥ (ਪੰਨਾ 667)
ਨਾਮੁ ਜਾਤਿ ਨਾਮੁ ਮੇਰੀ ਪਤਿ ਹੈ ਨਾਮੁ ਮੇਰੈ ਪਰਵਾਰੈ ॥
ਨਾਮੁ ਸਖਾਈ ਸਦਾ ਮੇਰੈ ਸੰਗਿ ਹਰਿ ਨਾਮੁ ਮੋ ਕਉ ਨਿਸਤਾਰੈ ॥ (ਪੰਨਾ 713)
ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥ (ਪੰਨਾ 731)
ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥
ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ ॥ (ਪੰਨਾ 768)
ਨਾ ਮੈ ਜਾਤਿ ਨ ਪਤਿ ਹੈ ਨਾ ਮੈ ਥੇਹੁ ਨ ਥਾਉ ॥ ਸਬਦਿ ਭੇਦਿ ਭ੍ਰਮੁ ਕਟਿਆ ਗੁਰਿ ਨਾਮੁ ਦੀਆ ਸਮਝਾਇ ॥ (ਪੰਨਾ 994)
ਕਿਆ ਹਉ ਆਖਾ ਜਾਂ ਕਛੂ ਨਾਹਿ ॥ ਜਾਤਿ ਪਤਿ ਸਭ ਤੇਰੈ ਨਾਇ ॥ (ਪੰਨਾ 1189)
ਕਹਿ ਰਵਿਦਾਸ ਜੋ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥ (ਪੰਨਾ 1196)
ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ ॥ ਗੁਰਮੁਖਿ ਨਾਮੁ ਧਿਆਈਐ ਨਾਨਕ ਲਿਵ ਲਾਈ ॥ (ਪੰਨਾ 1240)
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥ (ਪੰਨਾ 1293)
ਜਾ ਕੈ ਰੂਪੁ ਨਾਹੀ ਜਾਤਿ ਨਾਹੀ ਨਾਹੀ ਮੁਖੁ ਮਾਸਾ ॥
ਸਤਿਗੁਰਿ ਮਿਲੇ ਨਿਰੰਜਨੁ ਪਾਇਆ ਤੇਰੈ ਨਾਮਿ ਹੈ ਨਿਵਾਸਾ ॥ (ਪੰਨਾ 1328)
ਤੂ ਬਖਸਹਿ ਜਾਤਿ ਪਤਿ ਹੋਇ ॥ ਨਾਨਕੁ ਕਹੈ ਕਹਾਵੈ ਸੋਇ ॥ (ਪੰਨਾ 1331)
ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥ ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥ (ਪੰਨਾ 1364)
ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥
ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ ॥ (ਪੰਨਾ 1368)

ਗੁਰੂ ਦਾ ਕਿੰਨਾਂ ਸਪਸ਼ਟ ਐਲਾਨ ਹੈ ਗੁਰਸਿਖ ਲਈ ਕਿ ਬਿਪਰਨ ਦੇ ਸਾਜੇ ਧਰਮ ਦੇ ਨਾਮ ਉਤੇ ਊਚ ਨੀਚ ਦੇ ਅਪਾਰਥਾਇਡ ਦੀ ਨਿਕੀ ਮੋਟੀ ਝਲਕ ਵੀ ਆਪਣੇ ਕਿਰਦਾਰ ਉਤੇ ਨਹੀਂ ਪੈਣ ਦੇਣੀ। ਇਹ ਬਿਪਰਣ ਤਖਤ ਦੀ ਗੁਲਾਮੀ ਹੀ ਤਾਂ ਹੈ ਕਿ ਸਿਖ ਸਮਾਜ ਇਸ ਕੋਹੜ ਬਿਪਰਨ ਰੀਤ ਤੋਂ ਆਜਾਦ ਨਾ ਹੋ ਸਕਿਆ। ਸਗੋਂ ਜਾਤ ਅਭਮਾਨੀ ਮਾਇਆ ਦੇ ਜੋਰ ਉਤੇ ਸਾਡੇ ਧਰਮ ਅਤੇ ਪੰਥ ਤੇ ਕਬਜਾ ਕਰੀ ਬੈਠੇ ਨੇ ਅਤੇ ਜਿੰਨਾਂ ਨੂੰ ਗੁਰਬਾਣੀ ਅਤਿ ਸ਼ਰਮਮਈ ਵਰਣ-ਵੰਡ ਕਰਕੇ ਬੰਦਾ ਹੀ ਮੰਨਣ ਲਈ ਤਿਆਰ ਨਹੀਂ, ਉਨਾਂ ਨੂੰ ਭਾਈ ਕਹਿਕੇ, ਉਨਾਂ ਦੀ ਗੁਲਾਮੀ ਦਾ ਸਬਕ ਖਾਲਸੇ ਨੂੰ ਪੜ੍ਹਾ ਰਹੇ ਨੇ। ਬਿਪਰਨ ਦੇ ਬੁੱਤਾਂ ਅੱਗੇ, ਆਪਣੇ ਆਪਨੂੰ ਸਤਿਗੁਰ ਕਹਾਣ ਵਾਲਿਆਂ ਅੱਗੇ, ਹਰ ਪੰਥ ਦੋਖੀ ਅੱਗੇ ਅਤੇ ਬਿਪਰਨ ਤਖਤ ਅੱਗੇ ਆਪਣਾਂ ਸਿਰ ਨਿਵਾ ਰਹੇ ਨੇ ਅਤੇ ਆਪਣੇ ਰਾਜ ਲਈ ਬਿਪਰਨ ਸਿਖਰ ਅਡਵਾਨੀਆਂ ਨੂੰ ਅਤੇ ਸ੍ਰੀ ਹਰਿਮੰਦਰ ਸਾਹਿਬ ਉਤੇ ਧਾਵਾ ਬੋਲਣ ਵਾਲਿਆਂ ਨੂੰ ਆਪਣੀ ਝੋਲੀ ਵਿਚ ਪਾਈ ਬਿਪਰਨ ਰੀਤਾਂ ਦਾ ਨਾਚ ਨਚ ਰਹੇ ਨੇ। ਆਹ ਵੇਖੋ ਸਿਖੀ ਸਰੂਪ ਵਿਚ ਗੁਰੂ ਹੁਕਮਾਂ ਦੇ ਉਲਟ ਖੜ੍ਹਨ ਵਾਲੇ ਮਾਇਆਧਾਰੀ ਕਾਇਰ, ਬੁਝਦਿਲ ਗਦਾਰਾਂ ਦੇ ਜੂਨ ਚੌਰਾਸੀ ਦੇ ਸ਼ਹੀਦਾਂ ਨੂੰ ਨਿੰਦਦੇ ਅਤੇ ਆਪਣੀ ਗੁਲਾਮ ਵਿਰਤੀ ਦਾ ਰੱਜਕੇ ਵਿਖਾਵਾ ਕਰ ਰਹੇ ਇਕ ਇਸ਼ਤਿਹਾਰ ਵਿਚ ਇਨਾਂ ਦੇ ਬੋਲ: ਹਿੰਦੂ ਅਤੇ ਸਿਖੋ ਪਾ-ਲੋ ਪ੍ਰੇਮ ਦੀਆਂ ਕੰਘੀਆਂ, ਹੋ ਕੇ ਰਹਿਣਾਂ ਗੱਲਾਂ ਨਹੀਂ ਚੰਗੀਆਂ। (ਸਿਖ ਟਾਇਮਜ਼ 8 ਫਰਬਰੀ 2007)

ਇਨਾਂ ਦੇ ਪੰਥ ਤੇ ਕੀਤੇ ਪੰਜ ਅੱਬਲ, ਬਿਪਰਨ ਰੀਤ ਹੋਏ ਆਪਣੇ ਆਪਨੂੰ ਇਕ ਦੂਜੇ ਤੋਂ ਅੱਬਲ ਉਚਾ ਦਰਸਾਣ ਲਈ ਇਕ ਦੂਜੇ ਦੇ ਖਿਲਾਫ ਹੁਕਮਨਾਮੇ ਜਾਰੀ ਕਰ ਰਹੇ ਨੇ। ਆਪਣੇ ਹੀ ਜਾਰੀ ਕੀਤੇ ਹੁਕਨਾਮਿਆਂ ਨੂੰ ਆਪੇ ਹੀ ਉਲੱਦ ਰਹੇ ਨੇ। ਜੂਨ ਚੌਰਾਸੀ ਦੇ ਸ਼ਹੀਦਾਂ ਦੇ ਮੁਖੀ ਜਰਨੈਲ ਸੂਰੇ ਸੰਤ ਨੂੰ ਸ਼ਹੀਦ ਤਾਂ ਐਲਾਨ ਰਹੇ ਨੇ ਕਿਉਂਕਿ ਇਸ ਬਦਲੇ ਉਨਾਂ ਨੂੰ ਕੋਈ ਕੀਮਤ ਤਾਰਨੀ ਨਹੀਂ ਪੈਣੀ ਸੀ। ਪਰ ਉਨਾਂ ਦੇ ਪੰਥ ਲਈ ਆਜਾਦ ਵਤਨ ਦੀ ਉਸਾਰੀ ਦੇ ਜਾਰੀ ਹੁਕਮਨਾਮੇ ਨੂੰ ਦੁਹਰਾਕੇ ਪੰਥ ਨੂੰ

ਮਝਦਾਰ ਵਿਚੋਂ ਕੱਢ, ਗੁਰੂ ਰਾਹੇ ਤੋਰਨ ਲਈ ਤਿਆਰ ਨਹੀਂ। ਕਿਉਂਕਿ ਇਸ ਦੀ ਕੀਮਤ, ਵੱਡਾ ਤਿਆਗ ਅਤੇ ਜਿੰਦ ਜਾਨ ਦੀ ਅਹੂਤੀ ਹੈ।

ਕਦੇ ਵੀ ਨਾ ਝੁਠਲਾਏ ਜਾ ਸਕਣ ਵਾਲੇ ਇਸ ਸੱਚ ਨੂੰ ਸੰਸਾਰ ਜਾਣਦਾ ਹੈ ਕਿ ਬੁੱਤ ਪੂਜਕ ਕਸ਼ਮੀਰੀ ਪੰਡਤ ਨੌਵੇਂ ਗੁਰੂ ਦੇ ਦਰ ਆਕੇ, ਆਪਣੇ ਤਿਲਕ ਜੰਜੂ ਦੀ ਰਾਖੀ ਨੂੰ ਮੰਗਕੇ, ਨੌਵੇਂ ਗੁਰੂ ਦੀ ਸ਼ਹਾਦਤ ਅਤੇ ਖਾਲਸਾ ਪੰਥ ਦੀਆਂ ਅਲੇਖ ਲਾਸਾਨੀ ਸ਼ਹਾਦਤਾਂ ਅਤੇ ਸ਼ਹੀਦੀਆਂ ਬਦਲੇ ਆਪਣੀ ਬਿਪਰਨ ਉਮਰ ਨੂੰ ਵਧਾਉਣ ਆਏ ਸਨ। ਆਹ ਵੇਖੋ ਇਨਾਂ ਮਾਇਆਧਾਰੀਆਂ ਦੀ ਕਮੇਟੀ ਦੇ ਬਿਪਰਨ ਰੀਤ ਪ੍ਰਧਾਨ ਦਾ ਇਤਿਹਾਸਕ ਸੱਚ ਨੂੰ ਕੂੜ ਵਿਚ ਬਦਲਣ ਦਾ ਘਿਨਾਉਣਾਂ ਕਾਰਾ ਕਿ ਉਹ ਬਿਪਰਨ ਦੇ ਜੰਜੂ ਤਿਲਕ ਦੀ ਕੀਤੀ ਰਾਖੀ ਨੂੰ ਹਿੰਦੂਆਂ ਦੀ ਹਮਦਰਦੀ ਜਿਤਣ ਲਈ ਦਸਦਾ ਹੈ। ਕਿੱਡੇ ਅਕ੍ਰਿਤਘਣ ਨੇ ਇਹ ਸਿਖੀ ਸਰੂਪ ਵਿਚ ਕਿ ਗੁਰੂਆਂ ਨੂੰ ਬਿਪਰਨ ਦੀ ਹਮਦਰਦੀ ਦੇ ਮੁਥਾਜ ਐਲਾਨਦੇ ਸ਼ਰਮ ਮਹਿਸੂਸ ਨਹੀਂ ਕਰਦੇ, ਉਨਾਂ ਬਿਪਰਨਾਂ ਦੀ ਹਮਦਰਦੀ ਜਿੱਤਣ, ਜਿੰਨਾਂ ਨੂੰ ਗੁਰਬਾਣੀ ਨੇ ਬੰਦੇ ਹੋਣਾਂ ਵੀ ਸਵਿਕਾਰ ਨਹੀਂ ਕੀਤਾ ਹੋਇਆ। ਬਿਪਰਨ ਤਖਤ ਦੀ ਗੁਲਾਮ ਅਤੇ ਯਾਰ ਇਸ ਕਮੇਟੀ ਦੇ ਪ੍ਰਧਾਨ ਦੇ ਹੂਬਹੂ ਬੋਲ: ਸਦੀਆਂ ਤੋਂ ਮਾਰ ਖਾਂਦੀ ਜੁਲਮ ਸਹਿੰਦੀ ਆ ਰਹੀ ਹਿੰਦੂ ਕੌਮ ਦੀ ਹਮਦਰਦੀ ਤੇ ਹਿਫਾਜਤ ਲਈ ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਨੇ ਇਨਾਂ ਜ਼ੁਲਮਾਂ ਅਤੇ ਜਾਲਮ ਨੂੰ ਰੋਕਣ ਲਈ ਲੱਕ ਬੰਨ ਲਿਆ। (ਸਿਖ ਟਾਇਮਜ਼ 11 ਜਨਵਰੀ 2007)

ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥ ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ ॥ ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ ॥ ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ ਓਹੁ ਆਪਿ ਵਰਤੈ ਆਪਣੀ ਵਥੁ ਨਾਲੇ ॥ ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ ਇਕਿ ਆਪੇ ਵਖਿ ਕਢੈ ਠਗਵਾਲੇ ॥ (ਪੰਨਾ 305)

ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥ ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ ॥ ਗੁਰਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ ॥ ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ ਰਲਨੀ ਖੋਟੇਆਰੇ ॥ ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ ॥ (ਪੰਨਾ 312)

ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥
ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥ (ਪੰਨਾ 314)

ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥ ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ ॥੪॥
ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥ ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ ॥੫॥ (ਪੰਨਾ 420)

ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ ॥
ਗੁਰ ਪਰਸਾਦੀ ਸੋਈ ਜਨੁ ਪਾਏ ਜਿਨ ਕਉ ਕ੍ਰਿਪਾ ਤੁਮਾਰੀ ॥ (ਪੰਨਾ 506)

ਸਰੀਰੁ ਜਲਉ ਗੁਣ ਬਾਹਰਾ ਜੋ ਗੁਰ ਕਾਰ ਨ ਕਮਾਇ ॥ ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ (ਪੰਨਾ 651)

ਮਨਮੁਖੁ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥
ਗੁਰ ਪਰਸਾਦੀ ਸਦਾ ਸੁਖੁ ਪਾਏ ॥ ਸਚੁ ਕਰਣੀ ਸਾਚਿ ਲਿਵ ਲਾਏ ॥ (ਪੰਨਾ 841)

ਪੰਚ ਚੋਰ ਚੰਚਲ ਚਿਤੁ ਚਾਲਹਿ ॥ ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥
ਕਾਇਆ ਨਗਰੁ ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ ॥ (ਪੰਨਾ 1021)

ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥ ਮੈਲੇ ਕਰਮ ਕਰੇ ਦੁਖੁ ਪਾਏ ॥
ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥ (ਪੰਨਾ 1062)

ਲੋਕੁ ਅਵਗਣਾ ਕੀ ਬੰਨ੍ੈ ਗੰਠੜੀ ਗੁਣ ਨ ਵਿਹਾਝੈ ਕੋਇ ॥ ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥ (ਪੰਨਾ 1092)

ਹੁਕਮੁ ਮੰਨੇ ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ ਨਾਮਿ ਨੀਸਾਣੁ ॥ (ਪੰਨਾ 1175)

ਇਸਾਈ ਦੇਸ਼ ਆਪਣੇ ਧਰਮ ਅਤੇ ਰਾਜ ਦੇ ਮਾਲਕ ਆਪ ਹੋਣ ਕਰਕੇ ਆਪਣੇ ਧਰਮ ਗ੍ਰੰਥ ਦੇ ਮਾਨਸ ਦੀ ਜਾਤ ਨੂੰ ਇਕ ਮੰਨਣ ਦੇ ਓਪਦੇਸ਼ ਨੂੰ ਭਾਰੀ ਬੁਹਗਿਣਤੀ ਵਿਚ ਅਮਲੀ ਜੀਵਨ ਕਰੀ ਵਿਚਰ ਰਹੇ ਨੇ। ਇਸ ਸੱਚ ਨੂੰ ਗੁਰੂ ਵਲੋਂ ਇਕ ਸਿਖ ਵਿਦਵਾਨ ਵੀਰ ਦੀਆਂ ਨਿਰਪੱਖ ਨਜ਼ਰਾਂ ਦੁਆਰਾ, 'ਬਾਬੇ ਨਾਨਕ ਦੇ ਅਸਲੀ ਸਿਖ ਗੋਰੇ', ਨਾਂ ਦੇ ਸਰਲੇਖ ਹੇਠ ਬਹੁਤ ਹੀ ਸੰਦਰ ਰੂਪ ਵਿਚ

ਕਲਮਬੰਦ ਕਰਵਾਇਆ ਹੋਇਆ ਹੈ। ਇਥੇ ਅਸਲੀ ਗੋਰੇ ਸਿਖ ਦਾ ਭਾਵ ਉਨਾਂ ਸਿਖਾਂ ਤੋਂ ਨਹੀਂ, ਜਿਨਾਂ ਵਲੋਂ ਸਿਖ ਧਰਮ ਅਪਣਾਇਆ ਗਿਆ ਹੈ ਸਗੋਂ ਇਸਾਈ ਧਰਮ ਨੂੰ ਮੰਨਣ ਵਾਲੇ ਗੋਰੇ ਰੰਗ ਇਸਾਈਆਂ ਤੋਂ ਹੈ। ਇਸ ਨੂੰ ਇਥੇ ਹੂਬਹੂ ਦਰਜ ਕਰ ਦੇਣ ਜਾਂ ਵੱਖਰੇ ਰੂਪ ਵਿਚ 'ਦੇਸ ਪੰਜਾਬ' ਦੇ ਕਿਸੇ ਅੰਕ ਵਿਚ ਹੂਬਹੂ ਛਾਪਕੇ ਪੰਥ ਨੂੰ ਅਤੇ ਪਾਠਕਾਂ ਨੂੰ ਜਾਣੂੰ ਕਰਵਾ ਦੇਣ ਦੀ ਬੇਨਤੀ ਸਮੇਤ ਇਸ ਲਿਖਤ ਦੇ ਨਾਲ ਕਰ ਦਿੱਤਾ ਗਿਆ ਹੈ।

ਇਸਾਈ ਦੇਸ਼ਾਂ ਵਿਚ ਇਕ ਰੱਬ ਦੇ ਸ਼ਬਦ ਵਿਚੋਂ ਸਮੂਹ ਇਨਸਾਨ ਜਾਤੀ ਦੀ ਸਿਰਜਣਾਂ ਦੇ ਉਪਦੇਸ਼-ਸੱਚ ਨੂੰ ਅਮਲੀ ਜੀਵਨ ਵਿਚ ਅਪਣਾਇਆ ਹੋਣ ਕਰਕੇ ਹੀ ਇਹ ਖੁਸ਼ੀ ਦੀ ਗੱਲ ਕਿ ਇਨਾਂ ਦੇਸ਼ਾਂ ਵਿਚ ਵਸਦੇ ਇਸਲਾਮ ਨੂੰ ਮੰਨਣ ਵਾਲੇ ਸਮਾਜ ਦੇ ਸੁਭਾਅ ਵਿਚ ਗੁਰੂ ਆਸਰੇ ਤਬਦੀਲੀ ਨਜ਼ਰ ਆ ਰਹੀ ਹੈ। ਇਨਾਂ ਦੀ ਬਹੁਗਿਣਤੀ ਕਿਸੇ ਹੋਰ ਧਰਮ ਵਿਸ਼ਵਾਸ਼ੀ ਨੂੰ ਹੁਣ ਨਫਰਤ ਦੀਆਂ ਨਜਰਾਂ ਨਾਲ ਵੇਖਣ ਦਾ ਧਾਰਮਕਿ ਕੱਟੜਪੁਣਾਂ ਤਿਆਗਕੇ, ਸਗੋਂ ਅੱਲਾ ਵਲੋਂ ਹੀ ਉਸ ਤੱਕ ਪਹੁੰਚ ਲਈ ਕੀਤੇ ਵੱਖ ਵੱਖ ਜੀਵਨ ਢੰਗਾਂ ਵਜੋਂ ਸਵਿਕਾਰ ਕਰ ਰਹੀ ਹੈ। ਪਰ ਆਪਣੀਆਂ ਧੀਆਂ ਜਾਂ ਭੈਣਾਂ ਨੂੰ ਅਜੇ ਵੀ ਅਪਣੀ ਗੁਲਾਮ ਜਾਇਦਾਦ ਸਮਝਦੇ ਹੋਏ ਕਦੇ ਕਦਾਈਂ ਕਤਲ ਕਰਦੇ ਵੀ ਮਿਲਦੇ ਹਨ। ਜਦ ਕਿ ਇਹ ਆਪਣੇ ਦੇਸ਼ਾਂ ਵਿਚ ਅਤਿ ਨਿਕੀ ਉਮਰ ਦੀਆਂ ਧੀਆਂ ਨੂੰ ਪੈਸੇ ਅਤੇ ਪਸ਼ੂਆਂ ਬਦਲੇ ਇਕ ਤੋਂ ਵੱਧ ਵਿਆਹਾਂ ਦੇ ਚਾਹਵਾਨ ਮਾਇਆਧਾਰੀਆਂ ਕੋਲ ਵੇਚਦੇ ਅਤੇ ਖਰੀਦਦੇ ਨੇ। 40 ਵਰਿਆਂ ਦੇ ਫਾਈਜ਼ ਮੁਹੰਮਦ ( Faiz Mohammed ) ਨਾਂ ਦੇ ਵਿਅਕਤੀ ਵੱਲੋਂ ਇਕ 11 ਸਾਲਾਂ ਦੀ ਬੱਚੀ ਗੁਲਾਨ ਹਾਇਦਰ (Ghulam Haider) ਨੂੰ, ਮੁਹੰਮਦ ਫਜ਼ਲ ( Mohammed Fazal ) ਨਾਂ ਦੇ 45 ਸਾਲਾ ਦੇ ਵਿਅਕਤੀ ਵਲੋਂ 13 ਸਾਲ ਦੀ ਮਾਜਾਬੀਨ ( Majabin) ਨਾਂ ਦੀ ਬੱਚੀ ਨੂੰ ਅਤੇ 55 ਸਾਲਾ ਸਾਈਦ ਮੁਹੰਮਦ ( Said Mohammed) ਵੱਲੋਂ 8 ਸਾਲ ਦੀ ਰੌਸ਼ਨ ਕਾਸਮ (Roschan Qasen) ਨਾਂ ਦੀ ਬੱਚੀ ਨੂੰ ਆਪਣੀਆਂ ਔਰਤਾਂ ਵਜੋਂ ਖ੍ਰੀਦਣ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਜਰਮਨ ਮੂਲ ਔਰਤਾਂ ਵਲੋਂ ਆਪਣੇ ਨਵਜੰਮੇ ਬੱਚਿਆਂ ਨੂੰ ਕਤਲ ਕਰਕੇ ਛੁਪਾ ਦੇਣ ਅਤੇ ਪਸ਼ੂ ਵਿਰਤੀ ਮਰਦਾਂ ਵੱਲੋਂ ਆਪਣੇ ਜਾਂ ਮਤਰੇਏ ਬੱਚਿਆਂ ਨੂੰ ਅਤੇ ਕਾਥੋਲਿਕ ਚਰਚ ਦੇ ਸਮਲਿੰਗ ਪੁਜਾਰੀਆਂ ਵਲੋਂ ਬੱਚਿਆਂ ਨੂੰ ਆਪਣੀ ਕਾਮਕ ਹਵਸ ਦਾ ਸ਼ਿਕਾਰ ਬਣਾਉਂਣ ਦੀਆਂ ਘਟਨਾਵਾਂ ਵੀ ਸਾਹਮਣੇ ਆਉਂਦੀਆਂ ਹਨ। ਇਨਾਂ ਦੇਸ਼ਾਂ ਵਿਚ ਖੁਦ ਬੱਚੀ ਉਮਰ ਦੀਆਂ ਬੱਚੇ ਪੈਦਾ ਕਰ ਰਹੀਆਂ ਵੀ ਵਿਖਾਈ ਦੇ ਰਹੀਆਂ ਹਨ ਅਤੇ ਕੁਝ ਸਹੀ ਖਸਮ ਜਾਂ ਸਹੀ ਔਰਤ ਦੀ ਤਲਾਸ਼ ਵਿਚ ਯਾਰ ਜਾਂ ਮਸ਼ੂਕਾਂ ਨੂੰ ਜਾਂ ਪਤੀ ਪਤਨੀਆਂ ਨੂੰ ਪਰਖਣ ਅਤੇ ਬਦਲਣ ਵਿਚ ਲੱਗੇ ਹੋਏ ਹਨ। ਜਦ ਕਿ ਸਿਖ ਧਰਮ ਅਤੇ ਪੰਥ ਤੇ ਕਾਬਜ ਬਿਪਰਨ ਰੀਤ ਕਮੇਟੀ ਦੀ ਸਾਬਕਾ ਪ੍ਰਧਾਨ ਔਰਤ ਵੱਲੋਂ ਸੱਭ ਤੋਂ ਅੱਗੇ ਵਧਦਿਆਂ ਆਪਣੀ ਗਰਭਵਤੀ ਧੀ ਨੂੰ ਜ਼ਹਿਰ ਦੇਕੇ, ਆਪਣੀ ਮਰਜੀ ਦੇ ਵਰ ਨਾਲ ਵਿਆਹ ਕਰਵਾਣ ਦੇ ਹੀ ਗੁਨਾਹ ਵਿਚ ਕਤਲ ਕੀਤਾ ਹੋਇਆ ਹੈ ਅਤੇ ਸਜਾ ਤੋਂ ਬਚੀ ਫਿਰਦੀ ਹੈ। ਜਦਕਿ ਸਿਖੀ ਸਰੂਪ ਵਾਲੇ ਸਾਡੇ ਪਵਿਤ੍ਰ ਗੁਰਧਾਮਾਂ ਨੂੰ ਅਪਣੀਂ ਕਾਮ ਵਾਸ਼ਨਾਂ ਦੀ ਪੂਰਤੀ ਲਈ ਅਤੇ ਇਥੋਂ ਤੱਕ ਕਿ ਜਬਰ ਜਨਾਹ ਲਈ ਵੀ ਵਰਤਦੇ ਸਾਹਮਣੇਂ ਆਏ ਨੇ। ਜਦਕਿ ਬਿਪਰਨ ਆਪਣੇ ਦੇਸ਼ ਵਿਚ ਲੱਖਾਂ ਅਣਜੰਮੇ ਬੱਚਿਆਂ ਨੂੰ ਧੀਆਂ ਹੋਣ ਕਰਕੇ ਕਤਲ ਕਰਦਾ ਹੈ, ਬੱਚਿਆਂ ਨੂੰ ਕਾਮਵਾਸ਼ਨਾਂ ਦਾ ਸ਼ਿਕਾਰ ਬਣਾਕੇ ਲਾਸ਼ਾਂ ਗੁੰਮ ਕਰਦਾ ਹੈ ਅਤੇ ਕਈਆਂ ਨੂੰ ਇਹ ਨੀਚ ਵਧੇਰੇ ਦਾਜ ਲਈ ਬੇਰਹਿਮੀ ਨਾਲ ਕਤਲ ਕਰਦਾ ਹੈ। ਯਾਦ ਰਹੇ ਕਿ ਓਲਡ ਟੈਸਟਾਮੈਂਟ ਬਾਇਬਲ ਵਿਚ ਪੁਰਾਤਨ ਪੱਥਰ ਪੂਜ ਬਿਪਰਨਾਂ ਵੱਲੋਂ ਆਪਣੇ ਹੀ ਜੰਮੇ ਬੱਚਿਆਂ ਨੂੰ ਕਤਲ ਕਰਦੇ ਰਹਿਣ ਅਤੇ ਦੋ ਧੀਆਂ ਵੱਲੋਂ ਆਪਣੇ ਬਾਪ ਨੂੰ ਸ਼ਰਾਬ ਪਿਆਕੇ ਕਰਮਵਾਰ ਉਸ ਤੋਂ ਆਪਣੀ ਸੰਤਾਨ ਪੈਦਾ ਕਰਨ ਦਾ ਜ਼ਿਕਰ ਵੀ ਹੈ।

ਬਿਪਰਨ ਜਿਵੇਂ ਨਿਰਾਕਾਰ ਕਰਤਾ ਰੱਬ ਅਤੇ ਇਨਸਾਨ ਵਿਚਕਾਰ ਬੁੱਤ ਪੂਜਾ ਦੁਆਰਾ ਅਤੇ ਇਕ ਮਨੁੱਖ ਜਾਤੀ ਵਿਚ ਊਚ ਨੀਚ ਦੀ ਵੰਡ ਦੁਆਰਾ ਇਕ ਨਾ ਹਟਾਈ ਜਾ ਸਕਣ ਵਾਲੀ ਫੌਲਾਦੀ ਦੀਵਾਰ ਖੜ੍ਹੀ ਕਰਦਾ ਹੈ ਇਵੇਂ ਹੀ ਇਨਸਾਨ ਨੂੰ ਆਪਣੇ ਮਾਲਕ ਸਿਰਜਣਹਾਰ ਤੋਂ ਦੂਰ ਕਰੀ ਰੱਖਣ ਲਈ ਇਨਸਾਨ ਨਾਲ ਇਕ ਹੋਰ ਧੋਖਾ ਕਰਦਾ ਹੈ। ਇਨਸਾਨ ਨੂੰ ਕਿਤੇ ਅਗਿਆਤ ਅਖੌਤੀ ਦੇਵੀ ਦੇਵਤਿਆਂ ਨੂੰ ਲੱਭਣ ਲਈ ਜੰਗਲਾਂ ਨੂੰ ਤੋਰਦਾ ਹੈ। ਕਿਤੇ ਇਨਸਾਨ ਨੂੰ ਬੁੱਤ ਪੂਜਾ ਲਈ ਕੀਤੇ ਆਪਣੇ ਸਥਾਨਾਂ ਦੇ ਭਰਮਣਾਂ ਦੁਆਰਾ ਦੇਵੀ ਦੇਵਤੇ ਲੱਭਣ ਤੋਰਦਾ ਹੈ। ਕਿਤੇ ਇਨਸਾਨ ਨੂੰ ਕਠੋਰ ਕਰਮ ਕਾਂਡਾਂ ਨਾਲ ਆਪਣੇ ਦੇਵੀ ਦੇਵਤੇ ਝੁਕਾਕੇ ਉਨਾਂ ਨੂੰ ਆਪਣੇ ਵਸ ਕਰਨ ਅਤੇ ਉਨਾਂ ਨੂੰ ਮਰਜੀ ਮੁਤਾਬਕ ਚਲਾਉਣ ਦੀਆਂ ਤਰਤੀਬਾਂ ਸਿਖਾਉਂਦਾ ਹੈ। ਇਸ ਬਿਪਰਨ ਦੇ ਮਗਰ ਲੱਗਕੇ ਬਾਹਰ ਲੱਭਣ ਤੁਰਿਆ ਮੂਰਖ ਇਨਸਾਨ, ਲੱਭਣ ਤੁਰਨ ਦੇ ਚਾਅ-ਨਸ਼ੇ ਨੂੰ ਰੱਬ ਮਹਿਸੂਸੀ ਜਾਣਕੇ ਆਪਣੇ ਲਈ ਜਮ ਦੇ ਮਾਰਗ ਨੂੰ ਪੱਕਾ ਕਰ ਲੈਣ ਵਿਚ ਲੱਗਾ ਹੋਇਆ ਹੈ।

ਪਰ ਗੁਰਸਿਖ ਬਿਪਰਨ ਰੀਤ ਦੇ ਬਾਹਰ ਲੱਭਣ ਤੋਰਨ ਦੇ ਅਤੇ ਇਸ ਵਰਗੇ ਹੋਰ ਸਮੂਹ ਅੰਧਵਿਸ਼ਵਾਸੀ ਫੋਟਕ ਕੁਕਰਮਾਂ ਨੂੰ ਤਿਆਗਦਾ ਹੈ ਅਤੇ ਕਦੇ ਨਿਰਾਕਾਰ ਰੱਬ ਸ਼ਕਤੀ ਨੂੰ ਘਰ, ਗ੍ਰਿਹਿਸਤ ਛੱਡਕੇ ਕਿਤੇ ਹੋਰ ਲੱਭਣ ਨਹੀਂ ਤੁਰਦਾ। ਸਗੋਂ ਗੁਰਮਤਿ ਸੱਚ ਅਨੁਸਾਰ ਇਕੋ ਨਿਰਾਕਾਰ ਕਰਤੇ ਨੂੰ ਆਪਣੇ, ਹਰ ਇਨਸਾਨ ਅਤੇ ਹਰ ਜੀਵ ਅੰਦਰ ਹੀ ਵਸਦੇ ਹੋਣਾਂ ਜਾਣਦਾ ਹੈ। ਸ਼ਬਦ ਦੁਆਰਾ ਅਤੇ ਸ਼ਬਦ ਅਨੁਸਾਰ ਆਪਣੇ ਅੰਦਰ ਹੀ ਗੁਰੂ ਦੀ ਕਿਰਪਾ ਨਾਲ ਆਪਣੇ ਸਿਰਜਣਹਾਰ ਰੱਬ ਦੀ ਤਲਾਸ਼ ਕਰਦਾ ਹੈ ਅਤੇ ਗੁਰੂ ਕਿਰਪਾ- ਆਸਰੇ ਨਿਰਾਕਾਰ ਨੂੰ ਅਪਣੇ ਅੰਦਰੋਂ ਹੀ ਨਸੀਬ ਕਰਦਾ ਹੈ।

ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥
ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥ (ਪੰਨਾ 18)
ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ (ਪੰਨਾ 102)
ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ ਫਿਰਹਿ ਬੇਤਾਲੇ ॥ (ਪੰਨਾ 117)
ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ ॥ ਗੁਰ ਪਰਸਾਦੀ ਮਿਲੈ ਸੋਈ ਜਨੁ ਲੇਖੈ ॥
ਨਾਨਕ ਨਾਮੁ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥ (ਪੰਨਾ 123)
ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥ ਗੁਰ ਪਰਸਾਦੀ ਘਰ ਹੀ ਮਹਿ ਪਾਈ ॥
ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥ (ਪੰਨਾ 126)
ਪੇਈਅੜੈ ਧਨ ਕੰਤੁ ਸਮਾਲੇ ॥ ਗੁਰ ਪਰਸਾਦੀ ਵੇਖੈ ਨਾਲੇ ॥
ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥ (ਪੰਨਾ 129)
ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥ ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥ (ਪੰਨਾ 229)
ਗੁਰਮੁਖਿ ਬਾਣੀ ਮੀਠੀ ਲਾਗੀ ॥ ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥
ਸਹਜੇ ਸਚੁ ਮਿਲਿਆ ਪਰਸਾਦੀ ॥ ਸਤਿਗੁਰੁ ਪਾਇਆ ਪੂਰੈ ਵਡਭਾਗੀ ॥ (ਪੰਨਾ 232)
ਹਰਿ ਕੈ ਭਾਣੈ ਸਤਿਗੁਰੁ ਮਿਲੈ ਸਚੁ ਸੋਝੀ ਹੋਈ ॥ ਗੁਰ ਪਰਸਾਦੀ ਮਨਿ ਵਸੈ ਹਰਿ ਬੂਝੈ ਸੋਈ ॥ (ਪੰਨਾ 365)
ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥,
ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥
ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥ (ਪੰਨਾ 425)
ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ (ਪੰਨਾ 441)
ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥ ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ ॥ (ਪੰਨਾ 455)
ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥ ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥ ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥ (ਪੰਨਾ 491)
ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ ॥ ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ ॥ (ਪੰਨਾ 524)
ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ ॥
ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ ॥ (ਪੰਨਾ 583)
ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ (ਪੰਨਾ 684)
ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ (ਪੰਨਾ 722)
ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ ॥,
ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ ॥,

ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥ ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥ ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥ (ਪੰਨਾ 754)

ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥
ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥ (ਪੰਨਾ 783)

ਏਹੁ ਜੋਗੁ ਨ ਹੋਵੈ ਜੋਗੀ ਜਿ ਕੁਟੰਬੁ ਛੋਡਿ ਪਰਭਵਣੁ ਕਰਹਿ ॥
ਗ੍ਰਿਹ ਸਰੀਰ ਮਹਿ ਹਰਿ ਹਰਿ ਨਾਮੁ ਗੁਰ ਪਰਸਾਦੀ ਅਪਣਾ ਹਰਿ ਪ੍ਰਭੁ ਲਹਹਿ ॥ (ਪੰਨਾ 909)

ਗੁਰ ਪਰਸਾਦੀ ਹਰਿ ਧਿਆਈਐ ਅੰਤਰਿ ਰਖੀਐ ਉਰ ਧਾਰਿ ॥
ਨਾਨਕ ਘਰਿ ਬੈਠਿਆ ਸਹੁ ਪਾਇਆ ਜਾ ਕਿਰਪਾ ਕੀਤੀ ਕਰਤਾਰਿ ॥,
ਗੁਰ ਪਰਸਾਦੀ ਹਰਿ ਮਨਿ ਵਸੈ ਜਮ ਡੰਡੁ ਨ ਲਾਗੈ ਕੋਇ ॥
ਨਾਨਕ ਸਹਜੇ ਮਿਲਿ ਰਹੈ ਕਰਮਿ ਪਰਾਪਤਿ ਹੋਇ ॥ (ਪੰਨਾ 948)

ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥
ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥ (ਪੰਨਾ 953)

ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦੀ ਮੰਨਿ ਵਸਾਈ ॥
ਆਪੇ ਆਇ ਵਸਿਆ ਘਟ ਅੰਤਰਿ ਤੂਟੀ ਜਮ ਕੀ ਫਾਸੀ ਹੇ ॥ (ਪੰਨਾ 1048)

ਕਾਇਆ ਕਮਲੁ ਹੈ ਕੁਮਲਾਣਾ ॥ ਮਨਮੁਖੁ ਸਬਦੁ ਨ ਬੁਝੈ ਇਆਣਾ ॥
ਗੁਰ ਪਰਸਾਦੀ ਕਾਇਆ ਖੋਜੇ ਪਾਏ ਜਗਜੀਵਨੁ ਦਾਤਾ ਹੇ ॥ (ਪੰਨਾ 1051)

ਸਭ ਜਗ ਮਹਿ ਵਰਤੈ ਏਕੋ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥
ਸਬਦੁ ਸਲਾਹਹਿ ਸੇ ਜਨ ਨਿਰਮਲ ਨਿਜ ਘਰਿ ਵਾਸਾ ਤਾਹਾ ਹੇ ॥ (ਪੰਨਾ 1054)

ਸਭਿ ਰਸ ਦੇਹੀ ਅੰਦਰਿ ਪਾਏ ॥ ਵਿਰਲੇ ਕਉ ਗੁਰੁ ਸਬਦੁ ਬੁਝਾਏ ॥
ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥ (ਪੰਨਾ 1056)

ਆਪਿ ਨਿਰਾਲਮੁ ਹੋਰ ਧੰਧੈ ਲੋਈ ॥ ਗੁਰ ਪਰਸਾਦੀ ਬੂਝੈ ਕੋਈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤੀ ਮੇਲਿ ਮਿਲਾਇਦਾ ॥ (ਪੰਨਾ 1061)

ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥ ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥
ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥,
ਹਰਿ ਜੀਉ ਸਭ ਮਹਿ ਰਹਿਆ ਸਮਾਈ ॥ ਗੁਰ ਪਰਸਾਦੀ ਪਾਇਆ ਜਾਈ ॥
ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥ (ਪੰਨਾ 1066)

ਸਭਨਾ ਸਚੁ ਵਸੈ ਮਨ ਮਾਹੀ ॥ ਗੁਰ ਪਰਸਾਦੀ ਸਹਜਿ ਸਮਾਹੀ ॥
ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥ (ਪੰਨਾ 1069)

ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥
ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥ (ਪੰਨਾ 1132)

ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ ॥
ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥ (ਪੰਨਾ 1191)

ਹਉ ਢੂੰਢੇਦੀ ਸਜਣਾ ਸਜਣੁ ਮੈਡੈ ਨਾਲਿ ॥ ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ ॥ (ਪੰਨਾ 1317)

ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ ॥ (ਪੰਨਾ 1346)

ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ ॥ (ਪੰਨਾ 1349)

ਯਾਦ ਰਹੇ ਕਿ ਬਿਪਰਨ ਕਮਜਾਤ ਕੁਖ ਜਿਸ ਘਰ ਵੀ ਗਈ ਆਪਣੀ ਬਿਪਰਨ ਰੀਤ ਦੇ ਗੇਨ (Gen) ਪਦਾਰਥ ਦੁਆਰਾ ਆਪਣੀਆਂ ਬਿਪਰਨ ਰੀਤਾਂ ਦੇ ਅਤਿ ਹੰਕਾਰੀ ਸੁਭਾਅ ਨੂੰ ਆਪਣੀ ਸੰਤਾਨ ਵਿਚ ਵੰਡਦੀ ਆਈ ਹੈ।

**ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥ ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥** (ਪੰਨਾ 476)

ਕਿਸੇ ਪਰਵਾਰ ਵਿਚ ਜਨਮੇ ਬੱਚੇ ਦੇ ਵੱਡੇ ਭਾਗ ਕਿ ਮਾਂ ਬਾਪ ਉਸ ਦਾ ਨਾਮ ਸਿੰਘ ਜਾਂ ਕੌਰ ਰੱਖ ਦੇਂਦੇ ਨੇ। ਇਹ ਹੀ ਮਾਂ ਬਾਪ ਗੁਰੂ ਹੁਕਮ ਕਰਮਾਂ ਨਾਲ ਰੌਸ਼ਨ ਚਿਰਾਗ ਬਣੇ ਆਪਣੀ ਸਿਖ ਨਾਮ ਸੰਤਾਨ ਦੀ ਪ੍ਰਵਰਿਸ਼ ਗੁਰਸਿਖ ਇਨਸਾਨ ਵਜੋਂ ਕਿਥੋਂ ਕੁ ਤੱਕ ਕਰਦੇ ਨੇ ਇਹ ਵੀ ਬਚੇ ਦੇ ਭਾਗ। ਪਰ ਜਦ ਇਹ ਸਿਖ ਨਾਮ ਵਾਲੀ ਸੰਤਾਨ ਆਪਣੀ ਸੁਰਤ ਸੰਭਾਲਕੇ ਜੁਆਨ ਹੋ ਜਾਂਦੀ ਹੈ ਤਾਂ ਆਪਣੇ ਕਰਮਾਂ ਦੁਆਰਾ ਜੋ ਕੀਤਾ, ਉਸ ਲਈ ਸਿਰਫ ਆਪ ਜ਼ਿਮੇਵਾਰ ਹੁੰਦੀ ਹੈ। ਇਹ ਹੁਣ ਉਸ ਤੇ ਨਿਰਭਰ ਹੋ ਗਿਆ ਹੈ ਕਿ ਉਹ ਆਪਣੇ ਧਰਾਏ ਪਵਿਤ੍ਰ ਨਾਮ ਨਾਲ ਜੁੜੀ ਪਵਿਤ੍ਰ ਕਿਰਦਾਰ ਦੀ ਸ਼ਰਤ ਨੂੰ ਪੂਰਾ ਕਰਦਾ ਹੋਇਆ ਗੁਰੂ ਨਾਲ, ਗੁਰੂ ਵਦਿਆਰਥੀ ਜਾਂ ਗੁਰੂ ਸਿਖ ਦੇ ਰਿਸ਼ਤੇ ਨੂੰ ਪੱਕੇ ਰੂਪ ਵਿਚ ਜੋੜਦਾ ਹੈ ਜਾਂ ਆਪਣੇ ਨਾਮ ਨਾਲ ਜੁੜੀ ਪਵਿਤ੍ਰ ਕਿਰਦਾਰ ਦੀ ਸ਼ਰਤ ਨੂੰ ਭੁੱਲਕੇ ਇਹ ਪਵਿਤ੍ਰ ਨਾਮ ਬਿਨਾਂ ਗੁਰੂ ਇਜਾਜਤ ਧਰਾਈ ਫਿਰਦਾ ਹੈ। ਗੁਰੂ ਨੇ ਤੇ ਇਹ ਪਵਿਤ੍ਰ ਨਾਮ ਅਤੇ ਸਰੂਪ ਕਿਸੇ ਤੇ ਵੀ ਕੋਈ ਜਬਰੀ ਨਹੀਂ ਥੋਪੇ ਹੋਏ।

ਗੁਰਸਿਖ ਪਰਵਾਰ ਵਿਚ ਜੁਆਨ ਹੋਈ ਸੰਤਾਨ ਨੂੰ ਆਪਣੇ ਵਡੇਰਿਆਂ ਦੇ ਕਰਮ ਸਿਖਾ ਦੇਂਦੇ ਨੇ ਕਿ ਉਨਾਂ ਦਾ ਗੁਰੂ ਸਿਖ ਨਾਮ ਅਤੇ ਸਰੂਪ ਵਾਲੇ ਇਨਸਾਨ ਸਿਖ ਨੂੰ ਸਿਰਫ ਤੇ ਸਿਰਫ ਨੇਕ ਕਰਮ ਹੀ ਕਰਨ ਅਤੇ ਮਾੜੇ ਸੱਭ ਤਿਆਗਣ ਦਾ ਹੁਕਮ ਦੇਂਦਾ ਹੈ। ਚੰਗੇ ਕਿਹੜੇ, ਮਾੜੇ ਕਿਹੜੇ ਜਾਨਣ ਲਈ ਪੂਰੇ ਸਲੇਬਸ ਗੁਰਬਾਣੀ ਨੂੰ ਜੁਆਨ ਹੋਈ ਸੰਤਾਨ ਨੇ ਖੁਦ ਵਾਚਣਾਂ ਹੈ ਅਤੇ ਅੰਤ ਮੰਨ ਮੰਨੇ ਤੇ ਖੁਦ ਗੁਰੂ ਵੱਲੋਂ ਰੱਖੀਆਂ ਸ਼ਰਤਾਂ ਨੂੰ ਪੂਰਾ ਕਰਨ ਦੇ ਇਕਰਾਰ ਬਦਲੇ ਆਪਣੇ ਸਿਖ ਨਾਮ ਅਤੇ ਸਰੂਪ ਨੂੰ ਰੱਖ ਸਕਣ ਦਾ ਅਧਿਕਾਰੀ ਹੋਣਾਂ ਹੈ। ਆਓ ਵੇਖੀਏ ਕਿ ਇਹ ਪਵਿਤ੍ਰ ਨਾਮ ਸਿਖ ਅਤੇ ਸਿਖ ਸਰੂਪ, ਇਕ ਇਨਸਾਨ ਗੁਰੂ ਨਾਲ ਕਿੰਨਾਂ ਇਕਰਾਰਾਂ, ਪ੍ਰਣਾਂ ਅਤੇ ਵਾਦਿਆਂ ਦੁਆਰਾ ਲੈ ਕੇ ਗੁਰੂ ਨਾਲ ਉਸ ਦੇ ਚੇਲੇ, ਵਿਦਿਆਰਥੀ, ਸਿਖ ਹੋਣ ਦਾ ਸਨਬੰਧ, ਰਿਸ਼ਤਾ, ਨਾਤਾ ਜੋੜਦਾ ਹੈ?

ਇਕ, ਜਿਨਾਂ ਨੂੰ ਸਬੱਬੀਂ ਆਪਣੇ ਧਰਾਏ ਚੰਗੇ ਨਾਮ ਸਿੰਘ ਕਰਕੇ ਆਪਣੇ ਗੁਰੂ ਗੁਰਬਾਣੀ ਦੇ ਫੁਰਮਾਨ ਨੂੰ ਜਾਨਣ ਦੀ ਤਾਂਘ ਜਾਗੀ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 20 ਪੰਨਿਆਂ ਤੱਕ ਹੀ ਪਹੁੰਚਦਾ ਹੈ ਕਿ ਕਰਤੇ ਉਸ ਨੂੰ ਅਨੁਭਵ ਕਰਵਾ ਦਿੱਤਾ ਕਿ ਹਾਂ ਇਹ ਹੀ ਹੈ ਸਚਾ ਸਲੇਬਸ ਅਤੇ ਇਹ ਹੀ ਹੈ ਗੁਰਮਤਿ ਸਕੂਲ ਪੜ੍ਹਾਈ ਲਈ। ਇਹ ਹੈ ਵਡਭਾਗੀ ਗੁਰਸਿਖ ਜੋ ਗੁਰੂ ਵੱਲੋਂ ਬਿਨਾਂ ਮੰਗਿਆਂ ਹੀ ਸੱਭ ਕੁਝ ਗੁਰੂ ਦੀ ਇਮਾਨਤ ਕਰਕੇ ਗੁਰੂ ਨਾਲ, ਉਸ ਦਾ ਸਿਖ, ਵਦਿਆਰਥੀ ਹੋਣ ਦਾ ਰਿਸ਼ਤਾ ਜੋੜਦਾ ਹੈ।

**ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥ ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥**
**ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥** (ਪੰਨਾ 20)
**ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥**
**ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥** (ਪੰਨਾ 20)

ਇਸ ਹੀ ਵਡਭਾਗੀ ਗੁਰਸਿਖ ਨੂੰ ਅਤੇ ਹੋਰ ਸਿਖ ਨਾਮ ਅਤੇ ਸਰੂਪ ਧਰਾਣ ਦੇ ਅਧਿਕਾਰੀ ਹੋਣ ਵਾਲਿਆਂ ਨੂੰ ਗੁਰੂ ਮਹਾਰਾਜ ਅੰਤ ਤੇ ਇਕ ਵਾਰ ਫਿਰ ਬੜੀ ਉਚੀ ਸ਼ਰਤਾਂ ਦਸਦੇ ਹਨ ਕਿ ਸਿਖ ਨਾਮ -ਸਰੂਪ ਕੋਈ ਕੋਈ ਦੁਨਿਆਵੀ ਸੁਖਾਂ ਦਾ ਨਾਮ ਨਹੀ ਅਤੇ ਇਨਸਾਨ ਨੂੰ ਉਸ ਦੀ ਮਰਜੀ ਦੇ ਫੈਸਲੇ ਤੇ ਛੱਡ ਦੇਂਦੇ ਨੇ।

**ਤਉ ਕਿਛੁ ਪਾਈਐ ਜਉ ਹੋਈਐ ਰੇਨਾ ॥ ਜਿਸਹਿ ਬੁਝਾਏ ਤਿਸੁ ਨਾਮੁ ਲੈਨਾ ॥** (ਪੰਨਾ 739)
**ਮਨ ਤਨ ਧਨ ਤੇ ਨਾਮੁ ਪਿਆਰਾ ॥ ਅੰਤਿ ਸਖਾਈ ਚਲਣਵਾਰਾ ॥** (ਪੰਨਾ 1082)
**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥** (ਪੰਨਾ 1102)
**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥** (ਪੰਨਾ 1105)
**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥** (ਪੰਨਾ 1412)

ਗੁਰਸਿਖ ਇਨਾਂ ਸ਼ਰਤਾਂ ਦੀ ਪੂਰਤੀ ਦਾ ਪਰਣ ਲੈਕੇ ਆਪਣਾ ਸੱਭ ਕੁਝ ਤਨ, ਮਨ, ਧੰਨ, ਜਿੰਦ, ਸਰੀਰ, ਗੁਰੂ ਦੀ ਇਮਾਨਤ ਕਰਦਾ ਹੈ। ਆਪਣੇ ਆਪਨੂੰ ਗੁਰੂ ਕੋਲ ਵੇਚ ਦੇਂਦਾ ਹੈ ਅਤੇ ਇਸ ਬਦਲੇ ਗੁਰੂ ਆਪਣੇ ਦਰ ਆਏ ਵਦਿਆਰਥੀ ਨੂੰ ਸਿਖ ਨਾਮ ਅਤੇ ਸਰੂਪ ਧਰਵਾਣ ਦਾ ਅਧਿਕਾਰੀ ਕਰਦਾ ਹੈ। ਹੁਣ ਤੋਂ ਗੁਰਸਿਖ ਦਾ ਸਭ ਕੁਝ ਸਿਰਫ ਤੇ ਸਿਰਫ ਗੁਰੂ ਦੀ ਇਮਾਨਤ ਹੈ।

ਜਿਨ ਕਉ ਪੂਰਬਿ ਲਿਖਿਆ ਤਿਨ ਕਾ ਸਖਾ ਗੋਵਿੰਦੁ ॥
ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ ॥ (ਪੰਨਾ 47)
ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ ॥
ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ ॥ (ਪੰਨਾ 172)
ਚਰਨ ਕਮਲ ਹਿਰਦੈ ਉਰ ਧਾਰੀ ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥ (ਪੰਨਾ 193)
ਹਰਿ ਰੰਗਿ ਚਲੂਲੈ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ ॥
ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ ॥ (ਪੰਨਾ 311)
ਜਿਸ ਕਾ ਸਭੁ ਕਿਛੁ ਤਿਸ ਕਾ ਹੋਇ ॥ ਤਿਸੁ ਜਨ ਲੇਪੁ ਨ ਬਿਆਪੈ ਕੋਇ ॥ (ਪੰਨਾ 388)
ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ ॥ ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ ॥ (ਪੰਨਾ 396)
ਐਸੀ ਸੇਵਕੁ ਸੇਵਾ ਕਰੈ ॥ ਜਿਸ ਕਾ ਜੀਉ ਤਿਸੁ ਆਗੈ ਧਰੈ ॥ (ਪੰਨਾ 661)
ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥ (ਪੰਨਾ 727)
ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥
ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥.
ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ ॥
ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ ਸਿਰੁ ਵੇਚਿ ਲੀਓ ਮੁਲਿ ਮਹਘਾ ॥ (ਪੰਨਾ 731)
ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥ ਓਤਿ ਪੋਤਿ ਨਾਨਕ ਸੰਗਿ ਬਸੇਰਾ ॥ (ਪੰਨਾ 739)
ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥ (ਪੰਨਾ 827)
ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ ॥
ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ ॥ (ਪੰਨਾ 834)
ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥
ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥,
ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ ॥
ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ ॥ (ਪੰਨਾ 836)
ਕਿਆ ਦੇਵਉ ਜਾ ਸਭੁ ਕਿਛੁ ਤੇਰਾ ॥ ਸਦ ਬਲਿਹਾਰਿ ਜਾਉ ਲਖ ਬੇਰਾ ॥ (ਪੰਨਾ 887)
ਅਨਦਿਨੁ ਲਾਲੇ ਚਾਕਰੀ ਗੋਲੇ ਸਿਰਿ ਮੀਰਾ ॥ ਗੁਰ ਬਚਨੀ ਮਨੁ ਵੇਚਿਆ ਸਬਦਿ ਮਨੁ ਧੀਰਾ ॥ (ਪੰਨਾ 1011-1012)
ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥ (ਪੰਨਾ 1019)
ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥
ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ ॥ (ਪੰਨਾ 1114)
ਸਤਿਗੁਰ ਕੀ ਓਹੁ ਦੀਖਿਆ ਲੇਇ ॥ ਸਤਿਗੁਰ ਆਗੈ ਸੀਸੁ ਧਰੇਇ ॥ (ਪੰਨਾ 1261)
ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ ॥
ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ ॥ (ਪੰਨਾ 1413)
ਹਉ ਨਾਹੀ ਨਾਹੀ ਕਿਛੁ ਮੇਰਾ ਨਾ ਹਮਰੋ ਬਸੁ ਚਾਰੀ ॥
ਕਰਨ ਕਰਾਵਨ ਨਾਨਕ ਕੇ ਪ੍ਰਭ ਸੰਤਨ ਸੰਗਿ ਉਧਾਰੀ ॥ (ਪੰਨਾ 1216)

ਇਹ ਗੁਰਸਿਖ ਇਨਸਾਨ ਬੰਦਾ ਦਸਵੰਧ ਦੁਆਰਾ ਆਪਣੇ ਦੇਸ਼ ਦੇ, ਸਮਾਜ ਦੇ ਅਪਾਹਜ, ਬੀਮਾਰ ਤੇ ਗਰੀਬ ਲੋਕਾਂ ਦੀ ਸੰਭਾਲ ਕਰਦਾ ਹੈ। ਭਵਿਖ ਵਿਚ ਕਿਸੇ ਭੁੱਖ ਮਰੀ ਦੇ ਪਹਿਲੋਂ ਹੀ ਖਤਰੇ ਨਾਲ ਕਿਸੇ ਹੱਦ ਤਕ ਨਿਪਟਣ ਲਈ ਅਨਾਜ ਦੇ ਭੰਡਾਰ ਅਗਾਹੂੰ ਕਰਦਾ ਹੈ। ਭੀੜ ਸਮੇਂ ਮਿਹਨਤ ਨਾਲ ਕੀਤਾ ਧੰਨ ਜੱਦ ਤੱਕ ਹੈ, ਸਭਨਾਂ ਨਾਲ ਵੰਡ ਖਾਂਦਾ ਹੈ ਅਤੇ ਜਦ ਧਰਮ ਅਤੇ ਮਨੁੱਖਤਾ ਦੀ ਰਾਖੀ ਲਈ ਸ਼ਹਾਦਤ, ਸ਼ਹੀਦੀ ਕਰਤੇ ਦਾ ਹੁਕਮ ਤੇ ਰਜਾ ਹੋ ਜਾਵੇ ਤਾਂ ਪਹਿਲੋਂ ਹੀ ਸਿਖ ਨਾਮ ਅਤੇ ਸਰੂਪ ਬਦਲੇ ਗੁਰੂ ਦੀ ਇਮਾਨਤ ਕੀਤਾ ਜਿਸਮ, ਅਡੋਲ ਉਸ ਦੇ ਹਵਾਲੇ ਕਰਦਾ ਹੈ। ਗੁਰੂ ਨੂੰ ਤੇ ਅਜਿਹਾ ਹੀ ਸਿਖ, ਗੁਰਸਿਖ ਮਨਜ਼ੂਰ ਹੈ ਅਤੇ ਅਜਿਹੇ ਹੀ ਕਿਸੇ ਗੁਰਸਿਖ ਪਿਛੇ ਸਿਖ ਨੂੰ ਤੁਰਨ ਦੀ ਹਦਾਇਤ ਹੈ।

**ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥ ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥** (ਪੰਨਾ 28)

**ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ ॥**
**ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ ॥** (ਪੰਨਾ 171)

**ਸਹਜ ਅਨੰਦੁ ਭਇਆ ਮਨਿ ਮੋਰੈ ਗੁਰ ਆਗੈ ਆਪੁ ਵੇਚਾਇਆ ॥ ॥** (ਪੰਨਾ 172)

**ਸੰਤਨ ਕੀ ਸਰਣਾਈ ਪੜਿਆ ॥ ਜੀਉ ਪ੍ਰਾਣ ਧਨੁ ਆਗੈ ਧਰਿਆ ॥** (ਪੰਨਾ 1078)

**ਸੁਖਦਾਤਾ ਦੁਖੁ ਮੇਟਣਹਾਰਾ ॥ ਅਵਰੁ ਨ ਸੂਝਸਿ ਬੀਜੀ ਕਾਰਾ ॥**
**ਤਨੁ ਮਨੁ ਧਨੁ ਹਰਿ ਆਗੈ ਰਾਖਿਆ ॥ ਨਾਨਕੁ ਕਹੈ ਮਹਾ ਰਸੁ ਚਾਖਿਆ ॥** (ਪੰਨਾ 1343)

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥** (ਪੰਨਾ 1375)

**ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ ॥**
**ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ ॥** (ਪੰਨਾ 1413)

ਇਹ ਹੈ ਗੁਰਸਿਖ ਜੋ ਕਰਤੇ ਦਾ ਦਿੱਤਾ, ਗੁਰੂ ਦੀ ਇਮਾਨਤ ਕੀਤਾ, ਕਰਤੇ ਦੇ ਹਵਾਲੇ ਕਰਕੇ ਆਪਣੇ ਪਿਆਰੇ ਭਗਤ ਜੋਧਿਆਂ ਮਹਾਂਬਲੀ ਸੂਰਿਆਂ ਦੇ ਪਹਿਲੋਂ ਹੀ ਅਬਾਦ ਖੰਡ ਆ, ਆਪਣੇ ਰੱਬ ਕਰਤਾ ਦੇ ਅਗਲੇ ਹੁਕਮਾਂ ਦੀ ਪੂਰਤੀ ਲਈ ਇਥੋਂ ਆਪਣੇ ਆਪਨੂੰ ਤਿਆਰਬਰ ਤਿਆਰ ਰਖਦਾ ਹੈ। ਇਹ ਹੈ ਸਿਖ ਨਾਮ ਧਰਾਏ ਇਨਸਾਨ ਤੋਂ ਕਰਤੇ ਦੇ ਹੁਕਮ ਅਤੇ ਰਜਾ ਦੇ ਪੂਰਨ ਇਨਸਾਨ ਹੋ, ਅਡੋਲ ਸ਼ਹਾਦਤ, ਸ਼ਹੀਦੀ ਤੱਕ ਦਾ ਇਕ ਗਰੁਸਿਖ ਦਾ ਸਫਲ ਜੋਗ।

**ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥** (ਪੰਨਾ 7)

**ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥** (ਪੰਨਾ 8)

**ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥ ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥ ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥ ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥ ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥** (ਪੰਨਾ 345)

**ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥ ਏਕੈ ਠਾਹਰ ਦੁਹਾ ਬਸੇਰਾ ॥**
**ਕਹੁ ਕਬੀਰ ਜਨਿ ਏਕੋ ਬੂਝਿਆ ॥ ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ ॥** (ਪੰਨਾ 476)

ਗੁਰੂ ਭਾਏ, ਗਿਣਾਏ ਕਰਮ ਹੀ ਕਰਨ ਦਾ ਫ਼ੁਰਮਾਨ ਗੁਰਸਿਖ ਦੀ ਚੇਤਨਾਂ ਵਿਚ ਪੱਕਾ ਕਰਨ ਲਈ ਗੁਰਬਾਣੀ ਸਾਨੂੰ ਇਹ ਵੀ ਸੱਚ ਸੁਣਾ ਰਹੀ ਹੈ ਕਿ ਅੱਗੇ ਕੀ ਜਾਣਾਂ ਹੈ ਅਤੇ ਅੱਗੇ ਕੀ ਨਹੀਂ ਜਾਣਾਂ। ਭਾਵ ਕਰਮਾਂ ਅਨੁਸਾਰ ਫਲ ਦੇ ਕੁਦਰਤ ਵਿਚ ਨਿਆ ਕਾਨੂੰਨ ਅੱਗੇ ਫੈਸਲੇ ਲਈ ਕੀ ਗਿਣ ਹੋਣ ਵਾਲਾ ਨਾਲ ਹੋ ਸਕਣਾਂ ਹੈ ਅਤੇ ਕੀ ਨਹੀਂ।

**ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥** (ਪੰਨਾ 16)

**ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥ ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥**
**ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥** (ਪੰਨਾ 22)

**ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥ ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥** (ਪੰਨਾ 91)

**ਦੇਹੀ ਜਾਤਿ ਨ ਆਗੈ ਜਾਏ ॥ ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ ॥** (ਪੰਨਾ 112)

ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥ (ਪੰਨਾ 464)
ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ (ਪੰਨਾ 469)
ਮਾਇਆ ਮਨਸਾ ਮੋਹਣੀ ਦਹ ਦਿਸ ਫਿਰਾਤਾ ॥ ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖੁ ਖਾਤਾ ॥ (ਪੰਨਾ 514)
ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥ ਜੇਹੇ ਕਰਮ ਕਮਾਇ ਤੇਹਾ ਹੋਇਸੀ ॥ (ਪੰਨਾ 730)
ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥ ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥ (ਪੰਨਾ 1010)
ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥
ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ ॥ (ਪੰਨਾ 1064)
ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥ ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥ (ਪੰਨਾ 1242)
ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ ਵਾਦੀ ॥ ਵੰਨੁ ਗਇਆ ਰੂਪੁ ਵਿਣਸਿਆ ਦੁਖੀ ਦੇਹ ਰੁਲੀ ॥ (ਪੰਨਾ 1287)

ਗੁਰੂ ਵਲੋਂ ਬੜਾ ਸਾਫ ਫਰਮਾਇਆ ਹੈ ਕਿ ਅੱਗੇ ਨਾ ਤੇ ਵੱਡੇ ਨਾਮ ਨੇ, ਨਾ ਆਪੇ ਕੀਤੀ ਵੱਡੀ ਜਾਤ ਨੇ, ਨਾ ਮਾਇਆ ਨੇ ਅਤੇ ਨਾ ਰੂਪ ਨੇ ਹੀ ਅੱਗੇ ਜਾਣਾਂ ਹੈ। ਗੁਰੂ ਵੱਲੋਂ ਇਹ ਸੱਚ ਵੀ ਸਪਸ਼ਟ ਹੈ ਕਿ ਮੱਤ ਕੋਈ ਸਮਝੇ ਕਿ ਬਿਨਾਂ ਬਾਕੀ 99 ਜਾਂ 99% ਗੁਰੂ ਹੁਕਮਾਂ ਦੀ ਪਾਲਣਾਂ ਤੋਂ ਕਿਸੇ ਦਾ ਸਿਖੀ ਸਰੂਪ ਉਸ ਦਾ ਸਹਾਈ ਹੋ ਸਕੇਗਾ। ਗੁਰੂ ਅਨੁਸਾਰ ਸਿਰਫ ਸੱਭੇ ਗੁਰੂ ਹੁਕਮ ਕਰਮਾਂ ਦੁਆਰਾ ਕੀਤੇ ਚੰਗੇ ਚਤਰ ਸਿਆਣੇ ਰੂਪ-ਸਰੂਪ ਨੇ ਹੀ ਅੱਗੇ ਜਾਣਾਂ ਹੈ।

ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥ ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥
ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥ (ਪੰਨਾ 270)
ਆਗੈ ਜਾਤਿ ਰੂਪੁ ਨ ਜਾਇ ॥ ਤੇਹਾ ਹੋਵੈ ਜੇਹੇ ਕਰਮ ਕਮਾਇ ॥ (ਪੰਨਾ 363)
ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ (ਪੰਨਾ 470)
ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖੁ ਖਾਤਾ ॥ ਰਸਨਾ ਹਰਿ ਰਸੁ ਨ ਚਖਿਓ ਫੀਕਾ ਬੋਲਾਤਾ ॥ (ਪੰਨਾ 514)
ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ ॥ ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ ॥ (ਪੰਨਾ 580)
ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ ॥ ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ ॥ (ਪੰਨਾ 743)
ਮਾਨੁਖ ਕਾ ਕਰਿ ਰੂਪੁ ਨ ਜਾਨੁ ॥ ਮਿਲੀ ਨਿਮਾਨੇ ਮਾਨੁ ॥ (ਪੰਨਾ 895)
ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥
ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥ (ਪੰਨਾ 945-946)
ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ ॥
ਤਿਸ ਨੋ ਰੂਪੁ ਅਤਿ ਅਗਲਾ ਜਿਸੁ ਹਰਿ ਨਾਲਿ ਪਿਆਰੁ ॥ (ਪੰਨਾ 950)
ਜਿਸੁ ਦੇਹਿ ਦਰਸੁ ਸੋਈ ਤੁਧੁ ਜਾਣੈ ॥ ਓਹੁ ਗੁਰ ਕੈ ਸਬਦਿ ਸਦਾ ਰੰਗ ਮਾਣੈ ॥
ਚਤੁਰੁ ਸਰੂਪੁ ਸਿਆਣਾ ਸੋਈ ਜੋ ਮਨਿ ਤੇਰੈ ਭਾਵੀਜਾ ਹੇ ॥ (ਪੰਨਾ 1074)
ਹਰਿ ਅਗਮੁ ਧਿਆਇਆ ਗੁਰਮਤੀ ਤਿਸੁ ਰੂਪੁ ਨਹੀ ਪ੍ਰਭ ਰੇਖਿਆ ॥
ਗੁਰ ਬਚਨਿ ਧਿਆਇਆ ਜਿਨਾ ਅਗਮੁ ਹਰਿ ਤੇ ਠਾਕੁਰ ਸੇਵਕ ਰਲਿ ਏਕਿਆ ॥ (ਪੰਨਾ 1316)
ਸੁਰਤਿ ਮਤਿ ਚਤੁਰਾਈ ਸੋਭਾ ਰੂਪੁ ਰੰਗੁ ਧਨੁ ਮਾਣੁ ॥
ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ ॥ (ਪੰਨਾ 1323)
ਨੈਨੀ ਦ੍ਰਿਸਟਿ ਨਹੀ ਤਨੁ ਹੀਨਾ ਜਰਿ ਜੀਤਿਆ ਸਿਰਿ ਕਾਲੋ ॥
ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ ॥ (ਪੰਨਾ 1125)
ਕਾਪੜੁ ਪਹਿਰਸਿ ਅਧਿਕੁ ਸੀਗਾਰੁ ॥ ਮਾਟੀ ਫੂਲੀ ਰੂਪੁ ਬਿਕਾਰੁ ॥ ਆਸਾ ਮਨਸਾ ਬਾਂਧੋ ਬਾਰੁ ॥
ਨਾਮ ਬਿਨਾ ਸੂਨਾ ਘਰੁ ਬਾਰੁ ॥ (ਪੰਨਾ 1187)
ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥ (ਪੰਨਾ 1288)

ਗੁਰਸਿਖ ਨੂੰ ਗੁਰਬਾਣੀ ਦੇ ਇਹ ਦੋ, ਸੱਚ ਅਤੇ ਹੁਕਮ ਫੁਰਮਾਨ ਵੀ ਹਮੇਸ਼ਾਂ ਯਾਦ ਨੇ:
**ਕਾਇਆ ਕਿਰਦਾਰ ਅਉਰਤ ਯਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥**
**ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥** (ਪੰਨਾ 1084)
**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥**
**ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥**(ਪੰਨਾ 1349-1350)

ਗੁਰੂ ਨੂੰ ਸਾਬਤ ਸੂਰਤਿ ਦਸਤਾਰ ਸਿਰਾ ਅਤੇ ਕੁਦਰਤ ਵੱਲੋਂ ਬਖਸ਼ਿਸ਼ ਸਰੀਰ ਦੀ ਬਣਤਰ ਨੂੰ ਆਪਣੇ ਲਈ ਕਰਤੇ ਦੇ ਹੁਕਮ ਅਤੇ ਰਜਾ ਵਜੋਂ ਬਿਨਾਂ ਕਿਸੇ ਤਬਦੀਲੀ ਸੰਭਾਲਣ ਵਾਲਾ ਸਿਖ ਤਦ ਹੀ ਪਿਆਰਾ ਹੈ ਜੇ ਉਸ ਨੇ ਇਸ ਦੇ ਨਾਲ ਗੁਰੂ ਦੇ ਬਾਕੀ ਸਮੂਹ ਹੁਕਮਾਂ ਨੂੰ ਵੀ ਅਮਲੀ ਜੀਵਨ ਵਿਚ ਕੀਤਾ ਹੋਇਆ ਹੈ। ਬਾਕੀ ਸਮੂਹ ਹੁਕਮਾਂ ਨੂੰ ਅਮਲੀ ਜੀਵਨ ਵਿਚ ਕੀਤੇ ਬਿਨਾਂ ਨਾ ਗੁਰੂ ਦੀ ਹੀ ਨਜ਼ਰੇ, ਨਾ ਕਰਤੇ ਦੀ ਹੀ ਨਜ਼ਰੇ ਸਾਬਤ ਸੂਰਤ ਅਤੇ ਦਸਤਾਰ ਦੀ ਕੋਈ ਮਹੱਤਤਾ ਜਾਂ ਕਦਰ ਹੈ।
**ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥** (ਪੰਨਾ 287)
**ਸਤ ਸੰਤੋਖੀ ਸਤਿਗੁਰੁ ਪੂਰਾ ॥ ਗੁਰ ਕਾ ਸਬਦੁ ਮਨੇ ਸੋ ਸੂਰਾ ॥**
**ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥** (ਪੰਨਾ 1023)

ਰਹਿਤ ਮਰਯਾਦਾ ਹੁਕਮਨਾਮਿਆਂ ਵਿਚ ਸਾਨੂੰ ਦਸ਼ਮੇਸ਼ ਗੁਰੂ ਜੀ ਦੇ ਹਵਾਲੇ ਅਧੀਨ ਇਹ ਪਵਿਤ੍ਰ ਹਰਫ ਮਿਲਦੇ ਹਨ:
**ਰਹਿਤ ਪਿਅਰੀ ਮੁਝ ਕੋ, ਸਿਖ ਪਿਅਰਾ ਨਾਹੀ ॥** ਇਥੇ ਹਰਫ ਸਿਖ, ਸਿਖ ਧਰਮ ਮੁਤਾਬਕ ਸਾਬਤ ਸੂਰਤ ਦਸਤਾਰ ਧਾਰੀ ਇਨਸਾਨ ਲਈ ਹੀ ਆਇਆ ਹੈ। ਮਿਸਾਲ ਵਜੋਂ ਦੋ ਇਨਸਾਨ ਤੁਰੇ ਜਾਂਦੇ ਵੇਖਦੇ ਹਾਂ। ਇਕ ਆਮ ਹੈ ਜਿਸ ਦੀ ਸੂਰਤ ਤੋਂ ਕੋਈ ਨਹੀਂ ਜਾਣਦਾ ਕਿ ਉਹ ਕਿਸ ਧਰਮ, ਕੌਮ ਜਾਂ ਦੇਸ਼ ਨਾਲ ਸਬੰਧਤ ਹੈ। ਉਸ ਨੂੰ ਕੋਈ ਪੁਛੇਗਾ ਤਾਂ ਹੀ ਪਤਾ ਲੱਗੇਗਾ ਕਿ ਉਸ ਦਾ ਨਾਮ ਸਿੰਘ ਹੈ, ਭਾਵ ਉਹ ਸਿਖ ਧਰਮ ਵਿਚ ਵਿਸ਼ਵਾਸ ਰੱਖਣ ਵਾਲਾ ਹੈ। ਇਸ ਪ੍ਰਾਣੀ ਦੇ ਚੰਗੇ ਜਾਂ ਮੰਦੇ ਕਰਮ ਅਤੇ ਧਰਮ ਉਹ ਹੀ ਜਾਣਦਾ ਹੋ ਸਕਦਾ ਹੈ ਜਿਸ ਨੂੰ ਉਸ ਦੇ ਸਿੰਘ ਨਾਮ ਵਾਰੇ ਪਤਾ ਹੋਵੇਗਾ। ਦੂਜਾ ਇਨਸਾਨ ਸਿਖ ਧਰਮ ਮੁਤਾਬਕ ਸਾਬਤ ਸੂਰਤ ਦਸਤਾਰ ਧਾਰੀ ਸਿਖ ਹੈ। ਜਿਸ ਨੂੰ ਦੂਰੋਂ ਹੀ ਜਾਣਕਾਰ ਜਾਣਦਾ ਹੈ ਕਿ ਇਹ ਸਿਖ ਧਰਮ ਨੂੰ ਮੰਨਣ ਵਾਲਾ ਹੋਣ ਦਾ ਦਾਹਵਾ ਲੈਕੇ ਵਿਚਰ ਰਿਹਾ ਸਿਖ ਹੈ। ਉਸ ਦੇ ਚੰਗੇ ਜਾਂ ਮੰਦੇ ਕਰਮ ਬਿਨਾਂ ਨਾਮ ਦੱਸੇ ਹੀ ਸੱਭ ਸਾਹਮਣੇ ਨੇ ਕਿ ਇਹ ਉਸ ਦੇ ਗੁਰੂ ਦਾ ਨਾਮ, ਉਸ ਦੀ ਕੌਮ ਜਾਂ ਦੇਸ਼ ਦਾ ਨਾਮ, ਮਾਣ ਅਤੇ ਗੋਰਬ ਉਚਾ ਕਰਨ ਵਾਲੇ ਨੇ ਜਾਂ ਇਸ ਦੇ ਉਲਟ ਨੇ। ਦਸ਼ਮੇਸ਼ ਪਿਤਾ ਜੀ ਇਥੇ ਗੁਰਬਾਣੀ ਦੇ ਹੀ ਸੱਚ ਨੂੰ ਦੁਹਰਾਕੇ ਸਾਨੂੰ ਯਾਦ ਅਤੇ ਦ੍ਰਿੜ ਕਰਵਾ ਰਹੇ ਨੇ ਕਿ ਸਿਖ ਨਾਮ ਅਤੇ ਸਿਖ ਸਰੂਪ ਉਸ ਦੇ ਸਿਖ ਨੇ ਗੁਰਬਾਣੀ ਵਿਚ ਦਰਜ ਸਮੂਹ ਹੁਕਮਾਂ ਨੂੰ ਮੰਨਣ ਵਾਲਾ ਹੋਣ ਦੀ ਜ਼ਿਮੇਵਾਰੀ ਦੇ ਪ੍ਰਣ ਬਦਲੇ ਲਏ ਹੋਏ ਨੇ। ਇਸ ਲਈ ਗੁਰੂ ਸਪਸ਼ਟ ਸੱਚ ਸੁਣਾਉਂਦੇ ਨੇ ਕਿ ਮੈਨੂੰ ਸ਼ਕਲੋਂ ਦਿਖਾਈ ਦੇਂਦਾ ਸਿਖ ਉਹ ਹੀ ਪਿਆਰਾ ਹੈ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬ ਅਤੇ ਸਮੂਹ ਹੁਕਮਾਂ ਨੂੰ ਸਿਰ ਮੱਥੇ ਸਵਿਕਾਰ ਕਰਕੇ, ਉਨਾਂ ਮੁਤਾਬਕ ਅਮਲੀ ਜੀਣਾਂ ਸ਼ੁਰੂ ਕਰ, ਆਪਣੇ ਆਪਨੂੰ ਪੂਰਨ ਰੂਪ ਵਿਚ ਗੁਰ ਕੇ ਭਾਣੇ ਵਿਚ ਲੈ ਆਂਦਾ ਹੈ। ਗੁਰਬਾਣੀ ਵਿਚ ਗੁਰੂ ਦੇ ਪਹਿਲੇ 98 ਜਾਂ 98% ਹੁਕਮਾਂ ਨੂੰ ਅਮਲੀ ਜੀਵਨ ਵਿਚ ਅਪਣਾਕੇ ਫਿਰ ਸਾਬਤ ਸੂਰਤ ਅਤੇ ਅੰਮ੍ਰਿਤਧਾਰੀ ਹੋਇਆ ਸਿਖ ਹੀ ਗੁਰੂ ਨੂੰ ਸਿਖ ਵਜੋਂ ਮਨਜੂਰ ਹੈ। ਬਾਕੀ ਕੋਈ ਸਿਖ ਨਾਮ ਵਾਲਾ ਪਰ 98 ਗੁਰੂ ਹੁਕਮਾਂ ਨੂੰ ਅਮਲੀ ਜੀਵਨ ਵਿਚ ਕਰ ਲੈਣ ਵਾਲਾ ਹੈ, ਕੋਈ ਸਿਖ ਨਾਮ+ਸਿਖ ਸਰੂਪ ਵਾਲਾ ਹੋ 99 ਹੁਕਮਾਂ ਨੂੰ ਅਮਲੀ ਜੀਵਨ ਵਿਚ ਕਰ ਲੈਣ ਵਾਲਾ ਹੈ, ਫਿਰ ਵੀ ਉਹ ਗੁਰੂ ਅੱਗੇ ਸਿਖ ਨਹੀਂ ਹੈ, ਸਿਰਫ ਉਸ ਦਾ ਸੇਵਕ ਹੀ ਸੇਵਕ ਹੈ।
**ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥ ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥ ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥ ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥ ॥** (ਪੰਨਾ 286)
**ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ ॥**
**ਬਿਦ੍ਮਾਨ ਗੁਰਿ ਆਪਿ ਥਪ੍ਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ ॥** (ਪੰਨਾ 1404-1405)

ਸਮੂਹ ਗੁਰੂ ਹੁਕਮਾਂ ਨੂੰ ਅਮਲੀ ਜੀਵਨ ਵਿਚ ਅਪਣਾਕੇ ਫਿਰ ਸਾਬਤ ਸੂਰਤ ਅੰਮ੍ਰਿਤਧਾਰੀ ਹੋਇਆ ਸਿਖ ਹੀ ਸਿਖ ਧਰਮ ਮੁਤਾਬਕ ਗੁਰੂ ਦਾ ਸਿਖ ਹੈ। ਇਹ ਹੈ ਉਹ ਸਿਖ, ਗੁਰਸਿਖ, ਖਾਲਸਾ ਜਿਸ ਨੇ ਗੁਰੂ ਵੱਲੋਂ ਆਪਣੇ ਧਰਮ, ਆਪਣੇ ਪੰਥ, ਆਪਣੇ

ਵਿਰਸੇ ਅਤੇ ਸਰਬੱਤ ਦੀ ਸੇਵਾ ਸੰਭਾਲ ਦੀ ਬਖਸ਼ਿਸ਼ ਜ਼ਿਮੇਵਾਰੀ ਨੂੰ ਆਪਣੇ ਸਿਰ ਲੈਣ ਦਾ ਪ੍ਰਣ ਗੁਰੂ ਨੂੰ ਦਿੱਤਾ ਹੋਇਆ ਹੈ। ਇਹ ਹੈ ਕਰਤੇ ਦੇ ਹੁਕਮ ਅਤੇ ਰਜਾ ਦਾ ਸੰਤ ਸਿਪਾਹੀ ਸੂਰਾ ਸਿਖ, ਗੁਰਸਿਖ, ਖਾਲਸਾ ਜਿਸ ਨੇ ਗੁਰੂ ਵਲੋਂ ਆਪਣੀ, ਮਜ਼ਲੂਮ ਦੀ, ਸਰਬੱਤ ਦੀ ਰੱਖਿਆ ਲਈ ਸ਼ਸਤਰ ਰੱਖਣ ਅਤੇ ਉਠਾਣ ਦਾ ਅਧਿਕਾਰ ਅਤੇ ਜ਼ਿਮੇਵਾਰੀ ਅੰਮ੍ਰਿਤ ਦੀ ਦਾਤ ਨਾਲ ਆਪਣੇ ਪੱਲੇ ਕੀਤੇ ਹੋਏ ਨੇ। ਇਹ ਹੈ ਸੰਤ ਸਿਪਾਹੀ ਸੂਰਾ ਸਿਖ, ਗੁਰਸਿਖ, ਖਾਲਸਾ ਜਿਸ ਨੂੰ ਗੁਰੂ ਨੇ ਆਪਣਾ ਰੂਪ ਦੱਸਕੇ ਸਿਖਰ ਸਤਿਕਾਰ ਨਾਲ ਨਿਵਾਜਿਆ ਹੈ। ਇਹ ਹੈ ਨਿਆਰਾ ਸਿਖ, ਗੁਰਸਿਖ ,ਖਾਲਸਾ ਜਿਸ ਨੂੰ ਸਰਬੱਤ ਦੇ ਭਲੇ ਦਾ ਸੰਸਾਰ ਸਿਰਜਣ ਲਈ ਗੁਰੂ ਵਲੋਂ ਆਪਣਾਂ ਪੂਰਾ ਤੇਜ ਪ੍ਰਤਾਪ ਬਖਸ਼ਿਸ਼ ਕਰਨ ਦਾ ਪ੍ਰਣ ਦਿੱਤਾ ਹੋਇਆ ਹੈ ਅਤੇ ਬਾਕੀ ਗੁਰੂ ਹੁਕਮ ਕਰਣੀ ਹੀਣ ਸਿਖ ਨਾਮ ਅਤੇ ਸਰੂਪ ਵਾਲੇ ਮਨਮਤੀਆਂ ਨਾਲੋਂ ਆਪਣਾਂ ਨਾਤਾ ਤੋੜਿਆ ਹੋਇਆ ਐਲਾਨਿਆਂ ਹੋਇਆ ਹੈ।

**ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥** (ਪੰਨਾ 3)

**ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥**
**ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥** (ਪੰਨਾ 79)

**ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ ॥ ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ ॥** (ਪੰਨਾ 310)

**ਹਰਿ ਮੇਲਹੁ ਸਜਣ ਪੁਰਖੁ ਮੇਰਾ ਸਿਰੁ ਤਿਨ ਵਿਟਹੁ ਤਲ ਰੋਲੀਆ ॥**
**ਜੋ ਸਿਖ ਗੁਰ ਕਾਰ ਕਮਾਵਹਿ ਹਉ ਗੁਲਮੁ ਤਿਨਾ ਕਾ ਗੋਲੀਆ ॥** (ਪੰਨਾ 311)

**ਜਾ ਹਰਿ ਪ੍ਰਭ ਭਾਵੈ ਤਾ ਗੁਰਮੁਖਿ ਮੇਲੇ ਜਿਨ੍ ਵਚਨ ਗੁਰੂ ਸਤਿਗੁਰ ਮਨਿ ਭਾਇਆ ॥**
**ਵਡਭਾਗੀ ਗੁਰ ਕੇ ਸਿਖ ਪਿਆਰੇ ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ ॥** (ਪੰਨਾ 494)

**ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌ ਕਰੌ ਨਿਵਾਸ ॥**
**ਖਾਲਸਾ ਮੇਰੋ ਮੁਖ ਹੈ ਅੰਗਾ ॥ ਖਾਲਸਾ ਕੇ ਹੌ ਸਦ ਸਦ ਸੰਗਾ ॥** ਅਤੇ
**ਜਬ ਲਗ ਖਾਲਸਾ ਰਹੇ ਨਿਅਰਾ ॥ ਤਬ ਲਗ ਤੇਜ ਦੀਉ ਮੈ ਸਾਰਾ ॥**
**ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈ ਨ ਕਰੋ ਇਨ ਕੀ ਪਰਤੀਤ ॥** (ਪਾ:੧੦)

ਸੋ ਗੁਰੂ ਦਸ਼ਮੇਸ਼ ਪਿਤਾ ਵਲੋਂ ਗੁਰਬਾਣੀ ਸੱਚ ਨੂੰ ਮੁੜ ਦੁਹਰਾਕੇ ਸਾਨੂੰ ਦ੍ਰਿੜ ਕਰਵਾਂਦਿਆਂ ਸੱਭ ਭੁਲੇਖੇ ਦੂਰ ਕਰ ਦਿੱਤੇ ਹੋਏ ਨੇ ਕਿ ਉਨਾਂ ਨੂੰ ਸਿਖੀ ਸਰੂਪ ਵਿਚ ਇਨਸਾਨ ਤਦ ਹੀ ਪਿਆਰਾ ਹੈ ਜੇ ਉਸ ਨੇ ਗੁਰਬਾਣੀ ਵਿਚ ਬਾਕੀ 98 ਹੁਕਮਾਂ ਨੂੰ ਅਮਲੀ ਜੀਵਨ ਦੇਕੇ ਫਿਰ 99 ਸਾਬਤ ਸੂਰਤ ਦਸਤਾਰ ਧਰਿਆ ਅਤੇ ਆਖਰੀ 100ਵਾਂ ਅੰਮ੍ਰਿਤਧਾਰੀ ਕੀਤਾ ਹੈ। ਬਿਨਾਂ 98 ਜਾਂ 98% ਗੁਣਾਂ ਜਾਂ ਗੁਰੂ ਹੁਕਮਾਂ ਨੂੰ ਅਮਲੀ ਜੀਵਨ ਵਿਚ ਕੀਤਿਆਂ ਜਿਸਮ ਨੂੰ ਨਾ ਪੋਚਣ ਅਤੇ ਦਸਤਾਰ ਨਾਲ ਆਪਣਾਂ ਸਰੂਪ ਕਰਤੇ ਦੇ ਹੁਕਮ ਅਤੇ ਰਜਾ ਦੇ ਇਨਸਾਨ ਗੁਰਸਿਖ ਦਾ ਕਰ ਲੈਣਾਂ, ਮੱਤ ਸਮਝੇ ਕੋਈ ਕਿ ਜਮ ਦੇ ਮਾਰਗ ਤੋਂ ਛੋਟ ਦਿਵਾ ਦੇਵੇਗਾ।

ਆਓ ਵੇਖੋ ਕਰਤੇ ਵਲੋਂ ਇਕ ਗੁਰੂ ਪਿਆਰੇ ਗੁਰਸਿਖ ਕੀਰਤਨੀ ਜਥੇ ਦੇ ਮੁਖੋਂ ਕਿੰਨੇ ਸਰਲ ਸ਼ਬਦਾਂ ਵਿਚ ਗੁਰਮਤਿ ਅਨੁਸਾਰ ਸਿਖ ਦੀ ਪ੍ਰਭਾਸ਼ਾ ਦੇ ਸੱਚ ਨੂੰ ਉਚਾਰਨ ਕਰਵਾਇਆ ਹੈ: ਰਹਿਣੀ ਉਹ ਜੋ ਗੁਰੂ ਕਹਿੰਦਾ ਹੈ ਉਹ ਮੰਨਿਆਂ ਜਾਵੇ। ਤੇ ਗੁਰੂ ਜੋ ਕਹਿੰਦਾ ਹੈ ਦੁਨੀਆਂ ਦੇ ਭਲੇ ਵਾਸਤੇ, ਸਾਡੇ ਭਲੇ ਵਾਸਤੇ ਕਹਿੰਦਾ ਹੈ। ਗੁਰੂ ਕਦੇ ਮਾੜਾ ਨਹੀਂ ਕਹਿੰਦਾ। ਸਤਿਗੁਰਾਂ ਨੇ ਇਹ ਵੀ ਗੱਲ ਕਹੀ, ਅਗਰ ਕੋਈ ਰਹਿਣੀ ਵਿਚ ਨਹੀਂ ਰਹਿੰਦਾ ਭਾਵ ਅਗਰ ਮੇਰੇ ਵਚਨ ਨਹੀ ਮੰਨਦਾ, ਉਹ ਫਿਰ ਮੇਰਾ ਸਿਖ ਕਿਵੇਂ? ਆਪਣੇ ਆਪਨੂੰ ਅਖਵਾਵੇ ਭਾਵੇਂ ਸਿਖ, ਪਰ ਉਹ ਮੇਰਾ ਸਿਖ ਨਹੀਂ। ਮੇਰਾ ਸਿਖ ਉਹ ਜੋ ਮੇਰਾ ਹੁਕਮ ਮੰਨੇ।

ਗੁਰਸਿਖ ਖਾਲਸਾ ਪੰਥ ਇਸ ਸੱਚ ਨੂੰ ਆਪਣੇ ਪਿੰਡੇ ਤੇ ਵੀ ਹੰਢਾ ਚੁੱਕਾ ਹੈ। ਸਿਖ ਇਤਿਹਾਸ ਵਿਚ ਹੁਣ ਤੱਕ ਬੜੇ ਪੈਦਾ ਹੋਏ ਨੇ ਸਿਖ ਨਾਮ + ਸਰੂਪ ਵਿਚ ਬਿਪਰਨ ਕਿਰਦਾਰ ਦੇ, ਇਸ ਗੁਰਮਤਿ ਦਰ ਨੂੰ, ਘਰ ਨੂੰ ਅਤੇ ਪੰਥ ਨੂੰ ਪਿਠ ਦੇਕੇ ਦੋਖੀ ਬਿਪਰਨ ਨਾਲ ਖੜ੍ਹਨ ਵਾਲੇ। ਜੇ ਸਿਖ ਦੀ ਪ੍ਰਭਾਸ਼ਾ ਸਿਖ ਸਰੂਪ ਹੀ ਹੁੰਦੀ ਤਾਂ ਅੱਜ ਤੱਕ ਸਿਖ ਇਤਿਹਾਸ ਵਿਚ ਪੰਥ ਨਾਲ ਧੋਖਾ ਕਰਨ ਵਾਲਿਆਂ ਵਿਚ ਕਿਸੇ ਸਿਖ ਸਰੂਪ ਵਿਅਕਤੀ ਦਾ ਨਾਮ ਦਰਜ ਨਾ ਹੁੰਦਾ।

ਕਈ ਸਿਖ ਸੂਰਤ ਪ੍ਰਾਣੀ ਆਪਣੀਂ ਸਾਬਤ ਸੂਰਤ ਦੇ ਹੰਕਾਰ ਨੂੰ ਹੋਰ ਉਚਾ ਦਰਸਾਣ ਲਈ ਅਤੇ ਸਿਖ ਧਰਮ ਵਿਚ ਵਿਸ਼ਵਾਸ ਰਖਣ ਵਾਲੇ ਨਾ ਸਾਬਤ ਸੂਰਤ ਪ੍ਰਾਣੀਆਂ ਨੂੰ ਆਪਣੇ ਤੋਂ ਨੀਚ ਦਰਸਾਣ ਲਈ 'ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ', ਤੁਕ ਨੂੰ ਗੁਰਬਾਣੀ ਮਿਸਾਲ ਵਜੋਂ ਉਚਾਰਦੇ ਜਾਂ ਲਿਖਦੇ ਵੀ ਵੇਖੇ ਗਏ ਹਨ। ਯਾਦ ਰਹੇ ਕਿ ਇਹ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ

ਦਰਜ ਨਹੀ ਹੈ ਸਗੋਂ ਸਾਬਤ ਸੂਰਤ ਹੰਕਾਰੀਆਂ ਵਲੋਂ ਇਹ ਤੁਕ ਆਪੇ ਘੜ੍ਹ ਕੇ ਗੁਰਬਾਣੀ ਨਾਲ ਜੋੜਨ ਦਾ ਕੁਕਰਮ ਕੀਤਾ ਹੋਇਆ ਹੈ।

ਗੁਰਮਤਿ ਅਨੁਸਾਰ ਸਿੰਘ ਣਾਮ ਵਾਲੇ ਲਈ ਕੇਸਾਧਾਰੀ ਦਸਤਾਰ ਧਰਾ ਅੰਮ੍ਰਿਤਧਾਰੀ ਹੋਣ ਦੇ ਅਰਥ, ਸੰਸਾਰ ਦੇ ਇਨਸਾਨ ਭਾਈ ਅੱਗੇ ਇਹ ਜ਼ਿਮੇਵਾਰੀ-ਦਾਹਵਾ ਅਤੇ ਪ੍ਰਚਾਰ ਲੈ ਕੇ ਨਿਕਲਣਾਂ ਹੈ ਕਿ ਹਾਂ ਇਹ ਹੈ ਕਰਤਾ ਦੇ ਹੁਕਮ ਅਤੇ ਰਜਾ ਨੂੰ ਆਪਣੇ ਲਈ ਜਾਨਣ ਤੇ ਅਮਲੀ ਜੀਵਨ ਵਿਚ ਅਪਨਾਣ ਵਾਲਾ ਪੂਰੇ ਗੁਰੂ ਸਤਿਗੁਰੂ ਪਾਰਬ੍ਰਹਮ ਪ੍ਰਮੇਸ਼ਰ ਦਾ ਇਨਸਾਨ ਭਗਤ, ਸੰਤ ਸਿਪਾਹੀ ਸਿਖ ਸੂਰਾ ਖਾਲਸਾ, ਗੁਰੂ ਗਿਆਨ ਆਸਰੇ ਸੱਭੇ ਅਵਗੁਣਾਂ ਨੂੰ ਤਿਆਗਕੇ ਸਭੇ ਗੁਣਾਂ ਨਾਲ ਭਰਭੂਰ, ਸੱਭ ਦੀ ਰੇਣਕਾ, ਪਰ ਨਾਲ ਪਤ ਪਿਆਰੀ ਜਾਣ ਸੰਸਾਰ ਉਤੇ ਵਿਚਰਨ ਵਾਲਾ ਅਤੇ ਸਰਬੱਤ ਦੇ ਭਲੇ ਦੇ ਸੰਸਾਰ ਦੀ ਸਿਰਜਣਾਂ ਤੱਕ ਕਰਤੇ ਰੱਬ ਦਾ ਸੱਚ ਨੂੰ ਸੰਸਾਰ ਅੱਗੇ ਅਡੋਲ ਸੁਣਾਈ ਜਾਣ ਵਾਲਾ ਅਤੇ ਇਸ ਸੱਚ ਦੀ ਰਾਖੀ ਲਈ ਜੇ ਕਰਤੇ ਰੱਬ ਅੱਲਾ ਪਰਖ ਦਾ ਵਕਤ ਕਰ ਦਿੱਤਾ ਹੈ ਤਾਂ ਨਿਰਵੈਰ ਅਡੋਲ, ਬੇਖੋਫ, ਸ਼ਾਂਤਚਿਤ ਸ਼ਹਾਦਤ ਜਾਂ ਰਣ ਤੱਤ ਵਿਚ ਸ਼ਹੀਦੀ ਦੇ ਜਾਣ ਵਾਲਾ। ਜਿਸ ਦਾ ਸਭ ਦਿੱਤਾ ਸੀ, ਸਿਖ ਨਾਮ ਬਦਲੇ, ਸਿਖ ਸਰੂਪ ਬਦਲੇ, ਸੱਭ ਗੁਰੂ ਦੀ ਇਮਾਨਤ ਕੀਤਾ, ਉਸ ਦੇ ਹਵਾਲੇ ਕਰਕੇ, ਗੁਰੂ ਆਸਰੇ ਜਹਾਨੋਂ ਸੁਰਖਰੂ ਹੋ ਜਾਣ ਵਾਲਾ। ਆਪਣੇ ਕਿਸੇ ਸੁਖ ਸਵਾਰਥ ਲਈ ਕਿਸੇ ਦੁਨਿਆਵੀ ਕਾਨੂੰਨ ਨਾਲ ਸਮਝੌਤਾ ਕਰਕੇ ਗੁਰੂ ਵਲੋਂ ਬਖਸ਼ਿਸ਼ ਨਿਆਰੇਪਨ ਨੂੰ ਕਦੇ ਵੀ ਨਾ ਤਿਆਗਣ ਵਾਲਾ, ਸਗੋਂ ਆਪਣੇ ਸੱਭੇ ਹੱਕਾਂ ਲਈ ਮੁਕਾਮ ਤੱਕ ਸੰਘਰਸ਼ ਕਰਦੇ ਰਹਿਣ ਵਾਲਾ।

ਵਿਦੇਸ਼ ਵਿਚ ਕੋਈ ਕੇਸਾਧਾਰੀ ਦਸਤਾਰ ਧਰਾ ਹੈ ਜਾਂ ਅੰਮ੍ਰਿਤਧਾਰੀ ਹੈ, ਵਿਚ ਫਰਕ ਵਦੇਸ਼ੀ ਸਿਖਾਂ ਖੁਦ ਹੀ ਖਤਮ ਕਰ ਦਿੱਤਾ ਹੈ। ਵਿਦੇਸ਼ੀ ਸਰਕਾਰਾਂ ਤੋਂ ਆਪਣਾਂ ਹੱਕ, ਅੰਮ੍ਰਿਤਧਾਰੀ ਦੀ ਨਿਸ਼ਾਨੀ, ਦੂਰੋਂ ਹੀ ਦਿਸਦਾ ਉਸ ਦਾ ਕਕਾਰ ਸ੍ਰੀ ਸਾਹਿਬ ਲੈਣ ਦੀ ਬਜਾਏ, ਗੁਰੂ ਹੁਕਮਾਂ ਦੇ ਉਲਟ ਇਸ ਨੂੰ ਉਨਾਂ ਦੀ ਰਜਾ ਮੁਤਾਬਕ ਛੋਟਾ ਕਰਕੇ ਅਤੇ ਉਸ ਨੂੰ ਵੀ ਛੁਪਾਕੇ ਵਿਚਰਨਾਂ ਸ਼ੁਰੂ ਕਰਿਆ ਹੋਇਆ ਹੈ। ਬੇਗਾਨੇ ਓਸ ਛੁਪਾਏ ਕਕਾਰ ਨੂੰ ਵੀ ਆਪਣੇ ਜਹਾਜਾਂ ਵਿਚ ਜਗਾਹ ਦੇਣ ਬਦਲੇ ਸਾਡੇ, ਸਾਡੇ ਬਜੁਰਗ ਮਾਵਾਂ ਬਾਪਾਂ ਭੈਣਾਂ ਧੀਆਂ ਤੇ ਪੁੱਤਰਾਂ ਗਲੋਂ ਲੁਹਾ ਕੇ ਸਿਖ ਤੇ ਆਪਣਾਂ ਹੁਕਮ ਅਤੇ ਰਜਾ ਉਤਮ ਕਰ ਰਹੇ ਨੇ।

ਕਿਸੇ ਦਾ ਸਿਰਫ ਨਾਮ ਸਿੰਘ ਹੈ। ਪਰ ਸੂਰਤ ਤੋਂ ਕੋਈ ਨਹੀਂ ਜਾਣਦਾ ਕਿ ਇਹ ਕਿਸ ਧਰਮ ਨਾਲ ਸਬੰਧਤ ਹੈ ਜਾਂ ਨਹੀਂ। ਫਿਰ ਵੀ ਇਹ ਪਵਿਤ੍ਰ ਨਾਮ ਧਰਾਕੇ ਆਪਣੀ ਮਰਜੀ ਦੇ ਕਰਮ ਕਰਨ ਵਾਲਿਆਂ ਨੂੰ ਗੁਰਬਾਣੀ ਤੇ ਕੀੜਾ ਐਲਾਨਦੀ ਹੈ। ਭਾਵ ਆਪਣੇ ਲਈ ਜਮ ਦਾ ਮਾਰਗ, ਜੰਮਣ ਮਰਣ-ਜੂਨਾਂ ਨੂੰ ਜੀਉਂਦਿਆਂ ਪੱਕਾ ਕਰ ਲੈਣ ਵਾਲਾ। ਸਗੋਂ ਹੋਰ ਅੱਗੇ: ਆਪਣੇ ਆਪਨੂੰ ਕਿਸੇ ਵੀ ਜੂਨ, ਕਿਸੇ ਵੀ ਸੁੱਖ ਤੋਂ ਵਾਂਝੇ ਕਰ ਲੈਣ ਵਾਲਾ। ਕਿਉਂਕਿ ਉਸ ਵਲੋਂ ਆਪਣੇ ਧਰਾਏ ਪਵਿਤ੍ਰ ਨਾਮ ਅਤੇ ਇਸ ਨਾਲ ਜੁੜੇ ਪਵਿਤ੍ਰ ਕਿਰਦਾਰ ਦੇ ਉਲਟ ਕੁਕਰਮਾਂ ਦੁਆਰਾ ਸਿਖ ਨਾਮ, ਗੁਰੂ ਅਤੇ ਇਸ ਨਾਲ ਜੁੜੇ ਰੱਬ ਕਰਤੇ ਦੀ ਤੌਹੀਨ ਕੀਤੀ ਗਈ ਹੈ ਅਤੇ ਗੁਰਬਾਣੀ ਅਜਿਹੇ  ਦੁਸ਼ਟ ਕੀੜੇ ਦੇ ਸੰਗ ਤੋਂ ਵਰਜਦੀ ਹੈ।

ਸਿਖ ਨਾਮ ਅਤੇ ਸਿਖ ਸਰੂਪ ਵਿਚ ਅੰਤਰ ਨੂੰ ਅਤੇ ਇਕੱਲਾ ਸਿਖ ਨਾਮ ਧਰਾ ਕੇ ਜਾਂ ਸਿਖ ਨਾਮ+ਸਿਖ ਸਰੂਪ ਧਰਾਕੇ ਕੀਤੇ ਕੁਕਰਮਾਂ ਦੀ ਵੱਧ ਸਜਾ ਦੇ ਗੁਰਮਤਿ ਸੱਚ ਦਾ ਕਿਸੇ ਨੂੰ ਕੋਈ ਭੁਲੇਖਾ ਨਾ ਰਹੇ, ਕਰਤੇ ਵੱਲੋਂ ਕੀਤੀਆਂ ਤਿੰਨ ਸੱਚੀਆਂ ਮਿਸਾਲਾਂ ਦਰਜ ਕਰ ਰਹੇ ਹਾਂ। ਇਨਾਂ ਉਦਾਹਰਣਾਂ ਦੁਆਰਾ ਵੇਖ ਰਹੇ ਹਾਂ ਕਿ ਇਕੱਲੇ ਸਿਖ ਨਾਮ ਅਤੇ ਸਿਖ ਨਾਮ+ਸਿਖ ਸਰੂਪ ਵਾਲੇ, ਆਪਣੇ ਨਾਮ ਅਤੇ ਸਰੂਪ ਦੇ ਉਲਟ ਗੁਰੂ ਅਪਮਾਨ-ਕਰਮਾਂ ਨਾਲ ਆਪਣੇ ਆਪਨੂੰ ਜੂਨੀਂ ਵੱਧ ਸਜਾ ਦੇ ਭਾਗੀ ਕਿਵੇਂ ਕਰ ਰਹੇ ਨੇ?

ਜਰਮਨੀ ਦੇ ਇਕ ਸ਼ਹਿਰ ਵਿਚ ਲੱਗੇ ਇਕ ਮੇਲੇ ਤੇ ਕੁਝ ਪੰਜਾਬੀ ਪਹੁੰਚਦੇ ਹਨ। ਇਨਾਂ ਨੂੰ ਇਥੋਂ ਭਜਾਣ ਲਈ ਕਈ ਨਾਜ਼ੀ ਸੁਭਾਅ ਲੋਕ ਇਨਾਂ ਮਗਰ ਹੋ ਤੁਰਦੇ ਨੇ। ਇਨਾਂ ਨੂੰ ਅੱਗੇ ਅੱਗੇ ਭਜਾਉਂਦੇ ਨੇ ਅਤੇ ਜ਼ਖਮੀਂ ਕਰਦੇ ਨੇ। ਇਨਾਂ ਵਿਚੋਂ ਇਕ ਸਿਖ ਨਾਮ ਧਰਾਈ ਵਾਲਾ ਪੰਜਾਬੀ ਇਕ ਇੰਟਰਵੀਓ ਵਿਚ ਕਹਿੰਦਾ ਹੈ ਕਿ ਉਹ ਸਿਖ ਹੈ। ਉਹ ਵਿਆਹਿਆ ਹੋਇਆ ਹੈ। ਉਸ ਦੇ ਘਰ ਵਾਲੀ ਇੰਡੀਆ ਹੈ। ਉਸ ਨੇ ਇਥੇ ਦੋਸਤ ਕੁੜੀ ਰੱਖੀ ਹੋਈ ਹੈ। ਹੁਣ ਉਸ ਦਾ ਵਿਚਾਰ ਇੰਡੀਆ ਤੋਂ ਆਪਣੀ ਘਰ ਵਾਲੀ ਨੂੰ ਆਪਣੇ ਕੋਲ ਸੱਦਣ ਦਾ ਹੈ।

ਜਰਮਨੀ ਦੇ ਇਕ ਸ਼ਹਿਰ ਵਿਚ ਸੰਸਾਰ ਪ੍ਰਸਿਧ ਵਿਸਕੀ ਬਣਾਣ ਵਾਲੀਆਂ ਫਰਮਾਂ ਵਲੋਂ ਆਪਣੀ ਪਦਾਇਸ਼ ਵਿਸਕੀ ਦੀ ਪਰਦਰਸ਼ਨੀ, ਜਾਣਕਾਰੀ ਅਤੇ ਇਸ ਦੀ ਵੇਚ ਲਈ ਇਕ ਮੇਲਾ ਲੱਗਾ ਹੋਇਆ ਹੈ। ਇਥੇ ਇਕ ਜਰਮਨ ਮੂਲ ਦਾ ਕਿੱਤੇ ਤੋਂ ਪ੍ਰੋਫੈਸਰ ਇਕ ਇਨਸਾਨ ਪਹੁੰਚਦਾ ਹੈ। ਇਸ ਨੂੰ ਵੱਖ ਵੱਖ ਵਿਸਕੀਆਂ ਦੇ ਸੈਂਪਲ ਇਕੱਠੇ ਕਰਨ, ਉਨਾਂ ਵਿਚੋਂ ਮਨ ਭਾਈ ਨੂੰ ਮਗਰੋਂ ਕਦੇ ਖਰੀਦਣ ਅਤੇ ਜਮਾਂ ਰੱਖਣ ਦਾ ਸ਼ੌਕ ਹੈ। ਉਹ ਵੇਖਦਾ ਹੈ ਕਿ ਇਕ ਵਿਸਕੀ ਦੀ ਦੁਕਾਨ ਉਤੇ ਦੋ ਸਿਖ ਸਰੂਪ

ਇਨਸਾਨ ਖੜ੍ਹੇ ਵਿਸਕੀ ਵੇਚ ਰਹੇ ਹਨ। ਉਹ ਜਰਮਨ ਮੂਲ ਪ੍ਰਾਣੀ ਉਨਾਂ ਕੋਲ ਜਾਕੇ ਪੁੱਛਦਾ ਹੈ ਕਿ ਕੀ ਤੁਸੀਂ ਸਿਖ ਹੋ? ਉਹ ਜਬਾਬ ਦੇਂਦੇ ਹਨ ਕਿ ਹਾਂ ਜੀ ਅਸੀਂ ਸਿਖ ਹਾਂ। ਜਰਮਨ ਮੂਲ ਇਨਸਾਨ ਫਿਰ ਕਹਿੰਦਾ ਹੈ ਕਿ ਮੇਰੀ ਜਾਣਕਾਰੀ ਅਨੁਸਾਰ ਤਾਂ ਸਿਖ ਧਰਮ ਮੁਤਾਬਕ ਸਿਖ ਨੂੰ ਸ਼ਰਾਬ ਪੀਣੀ ਮਨਾਂ ਹੈ ਤੇ ਤੁਸੀਂ ਇਹ ਵੇਚ ਰਹੇ ਹੋ। ਹੁਣ ਇਨਾਂ ਸਿਖ ਸਰੂਪ ਇਨਸਾਨਾਂ ਦੇ ਮੂੰਹ ਉਤੇ ਅਤਿ ਮਸ਼ਕਰੀ ਭਰੀ ਹੀ ਹੀ ਹੀ ਹਾਸੀ ਹੈ ਅਤੇ ਕਹਿੰਦੇ ਹਨ ਕਿ ਉਨਾਂ ਨੂੰ ਇਹ ਇਜਾਜਤ ਹੈ। ਇਹ ਇੰਗਲੈਂਡ ਦੇ ਵਿਸਕੀ ਤਿਆਰ ਕਰਨ ਅਤੇ ਵੇਚਣ ਵਾਲੇ ਸਰੂਪੋਂ ਸਿਖਾਂ ਦੀ ਦੁਕਾਨ ਸੀ।

ਵਿਦੇਸ਼ਾਂ ਵਿਚ ਆਕੇ ਖਾਲਿਸਤਾਨ ਦੇ ਨਾਮ ਉਤੇ ਸਿਖ ਨਾਮ ਜਾਂ ਸਿਖ ਨਾਮ +ਸਿਖ ਸਰੂਪ ਵਾਲੇ ਆਪਣੇ ਸ਼ਰਨਾਰਥੀ ਕੇਸਾਂ ਨੂੰ ਪੱਕਾ ਕਰਵਾਣ ਲਈ ਕਹਿੰਦੇ ਹਨ, ਲਿਖਦੇ ਹਨ ਕਿ ਜੇ ਉਨਾਂ ਨੂੰ ਵਾਪਸ ਭਾਰਤ ਭੇਜਿਆ ਗਿਆ ਤਾਂ ਇਹ ਪੱਕਾ ਹੈ ਕਿ ਉਨਾਂ ਨੂੰ ਫੜਕੇ ਟਾਰਚਰ ਕੀਤਾ ਜਾਵੇਗਾ, ਜੇਲਾਂ ਵਿਚ ਬੰਦ ਕੀਤਾ ਜਾਵੇਗਾ ਅਤੇ ਇਥੋਂ ਤੱਕ ਕਿ ਉਨਾਂ ਨੂੰ ਮਾਰ ਕੇ ਖਪਾ ਦਿੱਤਾ ਜਾਵੇਗਾ। ਉਹ ਇਹ ਹੀ ਕੁਝ ਵਿਦੇਸ਼ ਅਤੇ ਪੰਜਾਬ ਵਿਚ ਵੱਖ ਵੱਖ ਸਿਖ ਰਾਜਨੀਤਕ ਆਗੂਆਂ ਜਾਂ ਮਨੁੱਖੀ ਅਧਿਕਾਰ ਸੰਗਠਨਾਂ ਤੋਂ ਲਿਖਵਾਕੇ ਅਦਾਲਤਾਂ ਅੱਗੇ ਰਖਦੇ ਨੇ ਅਤੇ ਆਪਣੇ ਸ਼ਰਨਾਰਥੀ ਕੇਸਾਂ ਨੂੰ ਪਾਸ ਕਰਵਾਂਦੇ ਨੇ ਜਾਂ ਉਨਾਂ ਦੇਸ਼ਾਂ ਵਿਚ ਰਹਿਣ ਦਾ ਅਧਿਕਾਰ ਪ੍ਰਾਪਤ ਕਰਦੇ ਨੇ। ਪਰ ਮਗਰੋਂ ਇਨਾਂ ਵਿਚੋਂ ਹੀ ਕੁਝ ਉਸੇ ਦੇਸ਼ ਨੂੰ ਸੈਰਾਂ ਕਰਨ, ਆਪਣੇ ਪਰਵਾਰਾਂ ਨੂੰ ਮਿਲਣ ਜਾਂ ਸ਼ਾਦੀਆਂ ਕਰਵਾਣ ਜਾਂਦੇ ਨੇ ਅਤੇ ਸੁਰੱਖਿਅਤ ਵਾਪਸ ਵੀ ਪਹੁੰਚਦੇ ਨੇ ਜਿਸ ਦੇਸ਼ ਤੋਂ ਖਤਰੇ ਦਾ ਵਾਸਤਾ ਪਾਕੇ ਇਨਾਂ ਵਲੋਂ ਆਪਣੇ ਸ਼ਰਨਾਰਥੀ ਕੇਸ ਪਾਸ ਕਰਵਾਏ ਹੁੰਦੇ ਨੇ। ਇਸ ਤਰਾਂ ਇਹ ਆਪਣੇ ਲਈ ਖਤਰਿਆਂ ਦੀ ਗਵਾਹੀ ਲਖਵਾਣ ਵਾਲਿਆਂ ਨਾਲ, ਵਿਦੇਸ਼ੀ ਕਾਨੂੰਨਾਂ ਅਤੇ ਅਦਾਲਤਾਂ ਨਾਲ ਸਿਰਫ ਧੋਖਾ ਹੀ ਨਹੀਂ ਕਰਦੇ ਸਗੋਂ ਸਮੂਹ ਸਿਖਾਂ ਉਤੇ ਹੀ ਸ਼ਰੇਆਮ ਝੂਠ ਬੋਲਦੇ ਹੋਣ ਵਾਲਿਆਂ ਦਾ ਕਲੰਕ ਮੜ੍ਹਦੇ ਨੇ ਅਤੇ ਪਵਿਤ੍ਰ ਸਿਖ ਨਾਮ, ਸਿਖ ਸਰੂਪ ਅਤੇ ਇਹ ਜਿਸ ਗੁਰੂ ਦੀ ਬਖਸ਼ਿਸ਼ ਨਾਲ ਜੁੜੇ ਹੋਏ ਨੇ ਉਸ ਗੁਰੂ ਨੂੰ ਰੱਜਕੇ ਬਦਨਾਮ ਕਰਦੇ ਨੇ।

ਪੱਛਮ ਦੇ ਦੇਸ਼ਾਂ ਅਤੇ ਅਮਰੀਕਾ, ਕਨੇਡਾ ਅਤੇ ਸੰਸਾਰ ਦੇ ਕਈ ਹੋਰ ਖਿਤਿਆਂ ਵਿਚ ਕੋਈ ਵਿਰਲਾ ਹੀ ਹੋਵੇਗਾ ਜਿਸ ਨੇ ਕਦੇ ਸਿੰਘ ਨਾਮ, ਜਾਂ ਸਿਖ ਧਰਮ ਜਾਂ ਸਿਖ ਹਰਫ ਕਿਸੇ ਨਾ ਕਿਸੇ ਰੂਪ ਵਿਚ ਕਦੇ ਨਾ ਸੁਣੇ ਹੋਣ। ਹੁਣ ਜਿਸ ਨੂੰ ਸਿਖ ਧਰਮ ਵਾਰੇ ਜਾਣਕਾਰੀ ਹੋਵੇਗੀ ਉਸ ਨੂੰ ਤੇ ਪਤਾ ਲੱਗ ਜਾਵੇਗਾ ਕਿ ਦੁਕਾਨ ਤੇ ਵਿਸਕੀ ਵੇਚ ਰਿਹਿਆਂ ਵਲੋਂ ਆਪਣੇ ਧਰਮ ਨਾਲ ਸਬੰਧਤ ਸਿਰਫ ਸਰੂਪ ਧਾਰਿਆ ਹੋਇਆ ਹੈ। ਪਰ ਕਰਮ ਇਨਾਂ ਦੇ ਆਪਣੇ ਹੀ ਧਰਮ ਦੇ ਉਲਟ ਨੇ। ਹੁਣ ਜਿਨਾਂ ਨੂੰ ਮੁੱਢਲੀ ਜਾਣਕਾਰੀ ਸਿਖ ਧਰਮ ਵਾਰੇ ਨਹੀਂ ਹੈ, ਉਨਾਂ ਲਈ ਇਹ ਹੀ ਹੋ ਜਾਵੇਗਾ ਕਿ ਇਸ ਸਿਖ ਨਾਮ ਜਾਂ ਸਰੂਪ ਵਾਲੇ ਦਾ ਧਰਮ ਹੀ ਏਹੋ ਜਿਹਾ ਮਾੜਾ ਹੋਵੇਗਾ ਜੋ ਇਸ ਨੂੰ ਇਹ ਮਾੜੇ ਕਰਮ ਸਿਖਾਉਂਦਾ ਹੋਵੇਗਾ।

**ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥ ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ ॥**
**ਕੂੜੁ ਕੁਸਤੁ ਕਮਾਵਦੇ ਪਰ ਨਿੰਦਾ ਸਦਾ ਕਰੇਨਿ ॥ ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ ॥** (ਪੰਨਾ 951)

ਇਹ ਹੈ ਸਿਖ ਨਾਮ ਜਾਂ ਸਿਖ ਨਾਮ+ਸਿਖ ਸਰੂਪ ਵਾਲਿਆਂ ਵੱਲੋਂ ਆਪਣੇ ਕੁਕਰਮਾਂ ਨਾਲ ਗੁਰੂ ਨੂੰ ਆਪਣੇ ਵਰਗਾ ਹੋਣਾਂ ਦਿਖਾਲਣਾਂ ਅਤੇ ਹੋਰ ਇਨਸਾਨਾਂ ਨਾਲੋਂ ਆਪਣੇ ਲਈ ਪਾਪਾਂ ਦੀ ਪੰਡ ਨੂੰ ਅਤੇ ਇਨਾਂ ਬਦਲੇ ਆਪਣੇ ਲਈ ਸਜਾ ਨੂੰ ਦੂਜਿਆਂ ਨਾਲੋਂ ਭਾਰੀ ਕਰ ਲੈਣਾਂ।

ਜੇ ਸਿਖ ਨਾਮ ਧਰਾਕੇ ਮਨਭਾਣੇਂ ਸਾਦ, ਭਾਵ ਕਰਮ ਕਰਨ ਵਾਲੇ ਇਨਸਾਨ, ਕਰਤੇ ਖਸਮ ਦੀ ਨਜ਼ਰ ਵਿਚ ਜਿੰਦਾ ਜੀਅ ਹੀ ਕੀੜੇ ਹਨ ਤਾਂ ਖਿਆਲ ਕਰੋ ਕਿ ਸਿਖ ਸਰੂਪ ਧਾਰਕੇ ਅਤੇ ਅੰਮ੍ਰਿਤਧਾਰੀ ਹੋਕੇ ਮਨਭਾਣੇਂ ਸਾਦ ਕਰਨ ਵਾਲੇ ਕਰਤੇ ਖਸਮ ਦੀ ਨਜ਼ਰ ਵਿਚ ਹੋਰ ਵੀ ਕੇਹੋ ਜਹੇ ਵੱਧ ਕੀੜੇ ਹੋ ਸਕਦੇ ਹਨ, ਦਾ ਇਥੇ ਬਖਿਆਨ ਰਹਿਣ ਦਿੱਤਾ ਹੈ।

**ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥** (ਪੰਨਾ 360)
**ਭਗਉਤੀ ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ ॥** (ਪੰਨਾ 274)
**ਸਤਿਗੁਰ ਕੈ ਭਾਣੈ ਜੋ ਚਲੈ ਤਿਨ ਦਾਲਦੁ ਦੁਖੁ ਲਹਿ ਜਾਇ ॥**
**ਆਪਣੈ ਭਾਣੈ ਕਿਨੈ ਨ ਪਾਇਓ ਜਨ ਵੇਖਹੁ ਮਨਿ ਪਤੀਆਇ ॥** (ਪੰਨਾ 1313)
**ਬਿਨੁ ਸਤਿਗੁਰ ਨਾਉ ਨ ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੈ ਪਰਜ ਵਿਗੋਈ ॥**
**ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ ਜੇ ਸਉ ਲੋਚੈ ਕੋਈ ॥** (ਪੰਨਾ 1416)
**ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥ ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥** (ਪੰਨਾ 278)

ਗੁਰੂ ਵਲੋਂ ਆਪਣੇ ਸਿਖ ਨੂੰ ਕਰਤੇ ਦੇ ਹੁਕਮ, ਰਜਾ ਦੇ ਉਸ ਨੂੰ ਭਾਉਂਦੇ ਕਰਮਾਂ ਦੇ ਬੀਜ ਬੀਜਣ ਦੀ ਹੀ ਹਦਾਇਤ ਹੈ। ਇਹ ਗੁਰੂ ਹੁਕਮ ਇਨਸਾਨ ਦੀ ਕਾਰ ਹੈ ਤਾਂ ਉਹ ਗੁਰੂ ਦਾ ਸਿਖ। ਬਾਕੀਆਂ ਨੂੰ, ਭਾਵੇਂ ਕੇਹਾ ਸਰੂਪ ਹੋਵੇ, ਉਨਾਂ ਨੂੰ ਮਨਮੀਤਏ ਐਲਾਨਕੇ ਗੁਰੂ ਨੇ ਤੇ ਉਨਾਂ ਨਾਲੋਂ ਗੁਰੂ-ਸਿਖ ਦਾ ਸਨਬੰਧ ਤੋੜਿਆ ਹੋਈਆ ਹੈ।

ਸੋ ਭਾਟੀਆ ਜੀ ਆਪ ਕੋਲ ਦੂਜਿਆਂ ਦਾ ਹੱਕ ਮਾਰ ਕੇ ਪਾਪਾਂ ਨਾਲ ਇਕੱਠੀ ਕੀਤੀ ਮਾਇਆ ਦਾ ਲੋੜ ਤੋਂ ਵੱਧ ਵੱਡਾ ਭੰਡਾਰ ਹੀ ਹੋ ਸਕਦਾ ਹੈ ਕਿ ਮਾਇਆਧਾਰੀਆਂ ਦੇ ਉਡਣ ਗਠੋਲੇ ਦੁਆਰਾ ਚੰਨ ਦੀ ਸੈਰ ਲਈ ਤੁਸਾਂ ਵੱਲੋਂ ਕਈ ਮਿਲੀਅਨ ਡਾਲਰ ਖਰਚਣ ਦਾ ਐਲਾਨ ਕੀਤਾ ਹੋਇਆ ਹੈ। ਤੁਸੀ ਭੁੱਲ ਗਏ ਹੋ ਕਿ ਗੁਰੂ ਨਾਨਕ ਦੇਵ ਜੀ ਭਾਈ ਬਾਲੇ ਤੇ ਮਰਦਾਨੇ ਨਾਲ ਚੰਦ ਉਤੇ ਕਿਸੇ ਦੁਨਿਆਵੀ ਇਨਸਾਨ ਅਤੇ ਉਸ ਦੀ ਤਕਨੀਕ ਦੇ ਆਸਰੇ ਨਹੀਂ ਗਏ ਸਨ। ਤੁਸੀ ਭੁੱਲ ਗਏ ਹੋ ਆਪਣੇ ਹੀ ਗੁਰੂ ਅਨੁਸਾਰ ਕਰਮਾਂ ਨਾਲ ਗੁਰਸਿਖ, ਸੂਰਾ, ਖਾਲਸਾ ਹੋਕੇ ਕਰਤੇ ਦੇ ਨਾਮ-ਜਹਾਜ ਦੀ ਆਸ ਰੱਖਣੀ ਤੇ ਜੀਉਂਦੇ ਜੀਅ ਚੰਨ ਤਾਂ ਕੀ, ਉਥੇ ਤੱਕ ਪਹੁੰਚ ਸਕਣਾਂ, ਜਿਥੇ ਤੱਕ ਪਹੁੰਚਣ ਲਈ ਕਿਸੇ ਮਾਇਅਧਾਰੀ ਦੇ ਉਡਣ ਗਠੋਲੇ ਕਦੇ ਸਮਰੱਥ ਹੀ ਨਹੀਂ ਹੋ ਸਕਦੇ ਅਤੇ ਸਫਲ ਜੀਵਨ ਮਗਰੋਂ ਸੂਰਿਆਂ, ਸੰਤਾਂ, ਭਗਤਾਂ ਖਾਲਸਿਆਂ ਦੇ ਪਦਾਰਥ ਰਹਿਤ ਵਤਨ ਦੇ ਵਾਸੀ ਹੋਣਾਂ। ਭੁੱਲ ਗਏ ਹੋ ਕਿ ਸਿਖੀ ਸਰੂਪ ਵਿਚ ਪਾਪਾਂ ਨਾਲ ਕੱਠੀ ਕੀਤੀ ਮਾਇਆ ਦੇ ਸਹਾਰੇ, ਚੰਦ ਧਰਤੀ ਦੀ ਸੈਰ ਨਾਲ, ਸਿਖ ਇਤਿਹਾਸ ਵਿਚ, ਅਤਿ ਅੰਨੇ ਬੋਲੇ ਮਨਮੁਖ ਪਾਪੀ ਵਜੋਂ ਆਪਣਾਂ ਨਾਮ ਦਰਜ ਕਰਵਾਣ ਵਾਲਿਆਂ ਵਿਚੋਂ, ਤੁਸਾਂ ਵੱਲੋਂ ਪਹਿਲੇ ਹੋਣਾਂ। ਗੁਰੂ ਅਨੁਸਾਰ ਇਹ ਕਰਮ ਭਾਵੇਂ ਕੇਸਾਧਾਰੀ ਦੇ, ਭਾਵੇ ਅੰਮ੍ਰਿਤਧਾਰੀ ਦੇ, ਬਿਨਾਂ ਕੋਈ ਲਿਹਾਜ, ਆਪਣੇ ਲਈ ਅਟੱਲ ਜੱਮ ਦੇ ਮਾਰਗ ਜੂਨਾਂ ਨੂੰ ਪੱਕਾ ਕਰ ਲੈਣ ਵਾਲੇ ਹੀ ਨਹੀ ਸਗੋਂ ਹੋਰ ਵੀ ਮਾੜੇ ਹਨ। ਕਿਉਕਿ ਇਹ ਪਖੰਡੀਆਂ, ਕਮੀਨਿਆਂ ਵੱਲੋਂ ਪਵਿਤਰ ਧਰਮੀਆਂ ਦੇ ਸਰੂਪ ਵਿਚ ਛੁਪਕੇ ਕੀਤੇ ਗਏ ਕੁਕਰਮ ਹਨ।

ਮਾਇਆ ਮੋਹ ਵਿਚ ਭਾਟੀਆ ਜੀ ਤੁਸਾਂ ਆਪਣੀ ਯਾਦਦਾਸ਼ਤ ਨੂੰ ਇੰਨਾਂ ਹੀ ਕਮਜ਼ੋਰ ਕਰ ਲਿਆ ਹੈ ਕਿ ਆਪਣੀ ਲਿਖਤ ਵਿਚ ਦਿੱਤੇ ਹਵਾਲਿਆਂ ਦੇ ਅਸਲ ਸ੍ਰੋਤ ਨੂੰ ਇਨੀਂ ਛੇਤੀਂ ਤੇ ਇਥੋਂ ਤੱਕ ਭੁੱਲ ਚੁਕੇ ਹੋ ਕਿ ਇਹ ਵੀ ਨਹੀਂ ਦੱਸ ਸਕਦੇ ਕਿ ਇਹ ਹਵਾਲੇ ਸਿੱਧੇ ਕਿਸੇ ਜਨਮਸਾਖੀ ਵਿਚੋਂ ਲਏ ਹਨ ਜਾਂ ਜਨਮਸਾਖੀਆਂ ਤੇ ਲਿਖੀ ਕਿਤਾਬ ਵਿਚੋਂ?

ਐ ਸੱਜਨ ਵੇਖ, ਜੋ ਸਾਨੂੰ ਜਨਮਸਾਖੀ ਵਿਚ ਦਰਜ ਨਹੀਂ ਮਿਲਿਆ, ਉਹ ਤੈਨੂੰ ਕਿਤਿਓਂ ਮਿਲਿਆ ਤੇ ਤੂੰ ਉਸ ਨੂੰ ਜਨਮ ਸਾਖੀ ਨਾਲ ਜੋੜਕੇ ਸੰਸਾਰ ਨੂੰ ਇਹ ਦੱਸਣ ਲਈ ਵਰਤ ਲਿਆ ਕਿ ਤੇਰੇ ਵਲੋਂ ਚੰਦ ਦੀ ਸੈਰ ਲਈ ਟਿਕਟ ਬੁਕ ਕਰਵਾਈ ਹੋਈ ਹੈ। ਪਰ ਜਨਮਸਾਖੀ ਵਿਚ ਜੋ ਤੇਰੇ ਤੇ ਤੇਰੇ ਜਹੇ ਵੱਡੇ, ਛੋਟੇ ਕਾਰੂਆਂ ਵਾਰੇ ਦਰਜ ਹੈ ਉਹ ਤੈਨੂੰ ਅਸੀਂ ਯਾਦ ਕਰਵਾਂਦੇ ਹਾਂ: ਦੂਜਿਆਂ ਦਾ ਹੱਕ ਮਾਰਕੇ ਪਾਪਾਂ ਨਾਲ ਬਹੁਤਤਦਾਦ ਵਿਚ ਕੱਠੀ ਕੀਤੀ ਮਾਇਆ ਵਾਲੇ ਕਾਰੂਆਂ ਨੂੰ, ਉਹ ਵੱਡਾ ਹੈ, ਉਹ ਛੋਟਾ ਹੈ ਨੂੰ ਇਹ ਹੀ ਉਪਦੇਸ਼ ਦਰਜ ਹੈ ਕਿ ਉਹ ਪਾਪਾਂ ਨਾਲ ਕੱਠੀ ਕੀਤੀ ਮਾਇਆ ਨੂੰ ਗਰੀਬਾਂ ਵਿਚ ਵੰਡ ਦੇਵੇ ਅਤੇ ਨਵਾਂ ਹੋਣ ਲਈ ਮੁੜ ਦਸਾਂ ਨੋਹਾਂ ਦੀ ਕਿਰਤ ਕਰੇ, ਉਸ ਨੂੰ ਹੋਰਨਾਂ ਵਿਚ ਵੰਡੇ ਅਤੇ ਆਪਣੇ ਕਰਤੇ ਦੇ ਰਾਹ ਦੀ ਸਾਰ ਜਾਨਣ ਲਈ ਤੁਰਨ ਵਾਲਿਆਂ ਵਿਚ ਆਪਣਾਂ ਨਾਓ ਲਿਖਾਵੇ।

ਸੱਜਣ ਇਕ ਹੀ ਰਾਹ ਹੈ ਤੇਰੇ ਲਈ ਤੇ ਤੇਰੇ ਵਰਗੇ ਸਿਖੀ ਸਰੂਪ ਵਿਚ ਹੋਰ ਅੰਨੇ, ਬੋਲੇ, ਵੱਡੇ, ਛੋਟੇ ਕਾਰੂਆਂ ਲਈ ਆਪਣੇ ਕਰਮਾਂ ਦੁਅਰਾ ਆਪਣੇ ਲਈ ਲਿਖੇ ਹੋਏ ਜਮ ਦੇ ਮਾਰਗ ਤੋਂ ਮੋੜਿਆਂ ਲਈ ਕਿ ਤੂੰ ਚੰਦ ਦੀ ਸੈਰ ਲਈ ਰੱਖੀ ਅਤੇ ਲੋਂੜ ਤੋਂ ਵੱਧ ਹੋਰ ਫਾਲਤੂ ਮਾਇਆ ਦੇ ਦਸ ਹਿਸਿਆਂ ਵਿਚੋਂ ਇਕ ਹਿੱਸਾ ਆਪਣੇ ਰੱਖੇ ਕਰਮਚਾਰੀਆਂ ਵਿਚ ਵੰਡ ਦੇਵੇਂ। ਇਕ ਹਿੱਸਾ ਗਰੀਬ ਨਿਆਸਰੇ ਬੱਚਿਆਂ ਦੀ ਸੇਵਾ ਸੰਭਾਲ ਲਈ ਸਥਾਪਤ ਕਿਸੇ ਅੰਤਰਰਾਸ਼ਟਰੀ ਸੰਸਥਾ ਅਤੇ ਰਾਜਸੀ ਕੈਦਿਆਂ ਦੀ ਸਾਰ ਲੈਣ ਵਾਲੀ ਸੰਸਥਾ ਅਮਿਨੈਸਟੀ ਇਟਰਨੈਸ਼ਨਲ ਵਿਚ ਵੰਡ ਦੇਵੇਂ। ਇਕ ਹਿੱਸਾ ਗੁਰੂਆਂ ਦੀ ਧਰਤ ਉਨਾਂ ਯਤੀਮ ਨਿਆਸਰੇ ਬੱਚਿਆਂ ਦੀ ਸੇਵਾ ਸੰਭਾਲ ਲਈ ਦੇ ਦੇਵੇਂ ਜਿਨਾਂ ਦੇ ਪ੍ਰਵਾਰ ਆਪਣੇ ਜੀਵਨ ਦੀ ਅਹੂਤੀ ਖਾਲਸਾ ਪੰਥ ਦੀ ਆਜਾਦੀ ਲਈ ਦੇਕੇ ਇਸ ਜਹਾਨੋਂ ਗਏ ਹੋਏ ਨੇ। ਬਾਕੀ ਬਚੇ ਸੱਤ ਹਿੱਸਿਆਂ ਨੂੰ ਪੰਥ ਦੇ ਨਾਂ ਅਤੇ ਪੰਥ ਲਈ ਕਰਨ ਹਿੱਤ ਇਕ ਖਾਤਾ ਖੋਹਲੇਂ ਅਤੇ ਇਹ ਬਾਕੀ ਸੱਤ ਹਿੱਸੇ ਉਸ ਵਿਚ ਪਾ ਦੇਵੇਂ ਤਾਂ ਕਿ ਤੇਰੇ ਵਰਗੇ ਹੋਰ ਸਿਖੀ ਸਰੂਪ ਵਿਚ ਅੰਨੇ ਬੋਲੇ ਵੱਡੇ ਛੋਟੇ ਕਾਰੂ ਵੀ ਪਾਪਾਂ ਨਾਲ ਕੀਤੀ ਮਾਈਆ ਦਾ ਲੋੜ ਤੋਂ ਵੱਧ ਹਿਸਾ ਤੇਰੇ ਵਲੋਂ ਰੱਖ ਦਿੱਤੀ ਗਈ ਇਸ ਸਾਂਝੀ ਦੇਗ-ਖਾਤੇ ਵਿਚ ਪਾਕੇ, ਆਪਣੇ ਲਈ ਲਿਖ ਲਏ ਜਮ ਦੇ ਮਾਰਗ ਤੋਂ ਮੋੜੇ ਪਾਉਂਦੇ, ਆਪਣੇ ਕਰਤੇ ਵੱਲ ਜਾਂਦੇ ਸੱਚੇ ਮਾਰਗ ਵੱਲ ਨਵੇਂ ਹੋ ਤੁਰ ਸਕਣ ਅਤੇ ਖਾਲਸਾ ਪੰਥ ਇਸ ਸਾਂਝੀ ਦੇਗ ਨਾਲ ਘੱਟੋਘੱਟ ਇਹ ਬਾਨਣੂੰ ਬੰਨ੍ਹੇ ਸਕੇ ਕਿ ਹਵਾਈ ਸਫਰ ਸਮੇਂ ਕੋਈ ਕਿਸੇ ਸਿਖ ਦਾ ਪਵਿਤ੍ਰ ਕਕਾਰ ਨਾ ਉਤਰਾ ਸਕੇ। ਸਗੋਂ ਸਿਖ ਆਪਣੇ ਜਹਾਜ ਦੇ ਆਪ ਮਾਲਕ ਹੋਣ। ਅੱਜ ਹਵਾਈ ਸਫਰ ਸਮੇਂ ਜਿਨਾਂ ਗੁਰਸਿਖਾਂ ਦੇ ਕਰਾਰ ਸ੍ਰੀ ਸਾਹਿਬ ਨੂੰ

ਲੁਹਾਕੇ ਬੇਗਾਨੇ ਆਪਣੇ ਕਬਜੇ ਕਰ ਲੈਂਦੇ ਨੇ, ਇਨਾਂ ਵਿਚੋਂ ਕਈ ਮਾਇਆਧਾਰੀਆਂ ਜਾਂ ਅਮੀਰ ਸਿੱਖਾਂ ਦੇ ਸੰਨਬੰਧੀ, ਰਿਸ਼ਤੇਦਾਰ, ਦੋਸਤ ਮਿਤਰ ਵੀ ਤਾਂ ਹੋ ਹੀ ਸਕਦੇ ਨੇ। ਇਹ ਹੀ ਜਾਂ ਇਸ ਵਰਗਾ ਹੀ ਹੈ ਗੁਰੂ ਮੁਤਾਬਕ ਤੇਰਾ, ਤੇਰੀ ਕੁਲ ਦਾ, ਤੇਰੇ ਮੇਰੇ ਗੁਰੂ ਦਾ, ਤੇਰੇ ਮੇਰੇ ਕਰਤਾ ਪੁਰਖ ਦਾ ਅਤੇ ਤੇਰੇ ਮੇਰੇ ਗੁਰਸਿਖ ਖਾਲਸਾ ਪੰਥ ਦਾ ਸੱਚਾ ਉਭਾਰ।

ਭਾਟੀਆ ਜੀ ਇਕ ਅਨਮੋਲ ਧੰਨ ਕਰਤੇ ਹਰ ਇਨਸਾਨ ਨੂੰ ਬਰਾਬਰ ਦਿੱਤਾ ਹੋਇਆ ਹੈ। ਜਿਸ ਤੇ ਪੂਰਾ ਵਿਚਾਰ ਵੇਲਾ ਆਉਣ ਉਤੇ ਹੋਵੇਗਾ। ਇਵੇਂ ਜਾਂ ਇਸ ਵਰਗੀ ਹੋਰ ਵਿਧੀ ਜਾਂ ਇਸ ਤੋਂ ਵੀ ਬਿਹਤਰ ਕਿਸੇ ਹੋਰ ਬਿਧੀ ਨਾਲ ਪਾਪੀਂ ਕੀਤੇ ਧੰਨ ਨੂੰ ਖਸਮੈ ਰਜਾਈ ਕਰ ਦੇਣ ਬਿਨਾਂ ਕੋਈ ਰਾਹ ਨਹੀ ਹੈ, ਤੁਸਾਂ ਅਤੇ ਤੁਸਾਂ ਵਰਗੇ ਹੋਰਨਾਂ ਲਈ ਜਮ-ਜੂਨਾਂ ਦੇ ਮਾਰਗ ਤੋਂ ਮੋੜੇ ਲਈ ਅਤੇ ਗੁਰੂ ਨਾਲੋਂ ਤੋੜੀ ਮੁੜ ਗੰਢਣ ਲਈ।

**ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥ ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥**
**ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥ ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥** (ਪੰਨਾ 50-51)
**ਰਾਮ ਨਾਮੁ ਧਨੁ ਨਿਰਮਲੋ ਜੇ ਦੇਵੈ ਦੇਵਣਹਾਰੁ ॥ ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥** (ਪੰਨਾ 62)
**ਜੇ ਧਨ ਖਸਮੈ ਚਲੈ ਰਜਾਈ ॥ ਦਰਿ ਘਰਿ ਸੋਭਾ ਮਹਲਿ ਬੁਲਾਈ ॥ ਨਾਨਕ ਕਰਮੀ ਇਹ ਮਤਿ ਪਾਈ ॥**
**ਗੁਰ ਪਰਸਾਦੀ ਸਚਿ ਸਮਾਈ ॥ ॥**(ਪੰਨਾ 85)
**ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ ਮਾਨੈ ਮਾਥੈ ॥** (ਪੰਨਾ 268)
**ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥** (ਪੰਨਾ 285)
**ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ ॥**
**ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰਿ ॥** (ਪੰਨਾ 379)
**ਅਨਿਕ ਭਾਂਤਿ ਕਰਿ ਸੇਵਾ ਕਰੀਐ ॥ ਜੀਉ ਪ੍ਰਾਨ ਧਨੁ ਆਗੈ ਧਰੀਐ ॥** (ਪੰਨਾ 391)
**ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥** (ਪੰਨਾ 417)
**ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥**
**ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥** (ਪੰਨਾ 441)
**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥**
**ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥** (ਪੰਨਾ 601)
**ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥**
**ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥** (ਪੰਨਾ 623)
**ਪਰ ਧਨ ਪਰ ਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ ॥**
**ਸੰਤਹ ਸੰਗੁ ਸੰਤ ਸੰਭਾਖਨੁ ਹਰਿ ਕੀਰਤਨਿ ਮਨੁ ਜਾਗੈ ॥** (ਪੰਨਾ 674)
**ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ ॥ ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ ॥** (ਪੰਨਾ 991)
**ਇਸੁ ਜਗ ਮਹਿ ਸੰਤੀ ਧਨੁ ਖਟਿਆ ਜਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ ॥**
**ਸਤਿਗੁਰਿ ਸਚੁ ਦ੍ਰਿੜਾਇਆ ਇਸੁ ਧਨ ਕੀ ਕੀਮਤਿ ਕਹੀ ਨ ਜਾਇ ॥** (ਪੰਨਾ 1091)
**ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥**
**ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥** (ਪੰਨਾ 1111)
**ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ ॥**
**ਭਈ ਨਿਰਾਸੀ ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ ॥** (ਪੰਨਾ 1251)
**ਕਿਛੁ ਸੰਗਿ ਨ ਚਾਲੈ ਲਾਖ ਕਰੋਰੈ ॥ ਪ੍ਰਭ ਜੀ ਕੋ ਨਾਮੁ ਅੰਤਿ ਪੁਕਰੋਰੈ ॥** (ਪੰਨਾ 1304)

ਜੇ ਕਿਸੇ ਸਿਖ ਸਰੂਪ ਵਿਚ ਪਾਪਾਂ ਨਾਲ ਕੱਠੀ ਕੀਤੀ ਮਾਇਆ ਨਾਲ ਚੰਦ ਦੀ ਸੈਰ ਜਾਂ ਇਸ ਵਰਗੇ ਬਹੁਭਾਂਤੀ ਕਰਮਾਂ ਦੁਆਰਾ ਦੁਨੀਆਵੀ ਉਭਾਰ ਹੀ ਚਾਹਿਆ ਹੈ ਤਾਂ ਉਹ ਇਹ ਉਭਾਰ ਜਰੂਰ ਕਰੇ। ਇਹ ਦੁਨਿਆਵੀ ਉਭਾਰ ਸਿਖ ਨਾਮ ਅਤੇ ਸਰੂਪ ਥਲੇ ਹੋਰ ਵੀ ਅਨੇਕ ਹਨ ਜੋ ਅਨੇਕ ਰੂਪਾਂ ਵਿਚ ਕਰੀ ਬੈਠੇ ਨੇ। ਇਕਨਾ ਬਿਪਰਨ ਤਖਤ ਨਾਲ ਮਿਲਕੇ ਉਸ ਦੇ ਹੁਕਮ ਅਤੇ ਰਜਾ ਦੇ

ਹੋ ਮਾਇਆ ਦੇ ਜੋਰ ਉਤੇ ਖਾਲਸਾ ਪੰਥ ਨੂੰ ਵੀ ਬਿਪਰਨ ਤਖਤ ਦੇ ਹੁਕਮ ਅਤੇ ਰਜਾ ਦੇ ਕਰ ਲੈਣ ਲਈ ਇਸ ਉਤੇ ਕਾਬਜ ਹੋ, ਸਾਕਤਾਂ ਵਜੋਂ ਆਪਣਾਂ ਉਭਾਰ ਕੀਤਾ ਹੋਇਆ ਹੈ। ਇਕ ਹਨ ਜੋ ਸਿਖ ਤੋਂ ਵੀ ਵੱਡੇ ਵੱਡੇ ਨਾਮ, ਖਾਲਸੇ, ਸਤਿਗੁਰੂ, ਗੁਰੂ, ਨਿਰੰਕਾਰੀ, ਸੰਤ ਆਦਿ ਧਰਾਕੇ ਆਪਣਾਂ ਉਭਾਰ ਕਰੀ ਬੈਠੇ ਨੇ। ਕਈ ਕਹਿਣੀ ਨਾਲ ਹੋਰ ਅਤੇ ਕਰਨੀ ਨਾਲ ਹੋਰ, ਇਕੋ ਸਮੇਂ ਆਪਣੇ ਦੋ ਤਰਾਂ ਦੇ ਉਭਾਰਾਂ ਵਿਚ ਗੁਲਤਾਨ ਨੇ। ਕਈ ਖਾਲਸਾ ਪੰਥ ਅਤੇ ਧਰਮ ਦੇ ਨਾਮ ਉਤੇ ਆਪਣੇ ਵੱਖਰੇ ਉਭਾਰ ਲਈ ਵੱਡੇ ਵੱਡੇ ਨਾਵਾਂ ਵਾਲੀਆਂ ਪਾਰਟੀਆਂ, ਸੰਸਥਾਵਾਂ, ਜਥੇਬੰਦੀਆਂ ਕਾਇਮ ਕਰੀ ਬੈਠੇ ਨੇ। ਕਈ ਆਪਣੇ ਸਿਖ ਸਰੂਪ ਕਰਕੇ ਹੀ, ਨਾ ਸਿਖ ਸਰੂਪ ਵਾਲੇ ਨੂੰ ਨਫਰਤ ਨਾਲ ਹੀ ਆਪਣਾਂ ਓਭਾਰ ਕਰੀ ਬੈਠੇ ਨੇ। ਕਈ ਵਖਰੇਵਿਆਂ ਦੇ ਕਰਮਾਂ ਨਾਲ ਸਿਰਫ ਆਪਹੀ ਉਚੇ ਸੁਚੇ ਗੁਰਸਿਖ ਹੋਣ ਦੇ ਦਾਹਵਿਆਂ ਨਾਲ ਆਪਣਾਂ ਉਭਾਰ ਕਰੀ ਬੈਠੇ ਨੇ। ਜਦ ਕਿ ਗੁਰਸਿਖ ਨੂੰ ਤੇ ਕੋਈ ਪੱਥਰ ਪੂਜ, ਕੋਈ ਸੁੰਨਤ ਧਾਰੀ, ਸੱਭ ਨੂੰ ਇਕ ਮਾਨਸ ਭਾਈ ਜਾਤ ਜਾਨਣ ਦਾ ਉਪਦੇਸ਼ ਹੈ। ਇਸ ਨੂੰ ਮੰਨੇ ਵਗੈਰ ਕਿਸੇ ਨੂੰ ਹਰ ਇਨਸਾਨ, ਹਰ ਜੀਵ ਅਤੇ ਸ੍ਰਿਸ਼ਟੀ ਵਿਚੋਂ ਇਕੋ ਕਰਤਾ ਵਿਖਾਈ ਦੇਣਾਂ ਭਾਵ ਅਨੁਭਵ ਹੋਣਾਂ, ਮਹਿਸੂਸ ਹੋਣਾਂ ਅਤੇ ਇਸ ਸਭ ਦੇ ਸਿਰਜਣਹਾਰ ਕਰਤਾ ਰੱਬ ਨਾਲ ਜੁੜਨਾਂ ਸੰਭਵ ਹੀ ਨਹੀ।

ਕਈ ਅੰਮ੍ਰਿਤਧਾਰੀ ਹੋਣ ਦੇ ਹੰਕਾਰ ਵਿਚ ਹੋਰ ਧਰਮਾਂ ਨੂੰ ਮੰਨਣ ਵਾਲੇ ਜਾਂ ਨਾ ਮੰਨਣ ਵਾਲੇ ਨਾਸਤਕ ਪ੍ਰਾਣੀਆਂ ਨੂੰ ਜੰਮ ਦੇ ਮਾਰਗ ਤੁਰੇ ਹੋਣਾਂ ਤਾਂ ਐਲਾਨਦੇ ਹਨ ਪਰ ਆਪ ਸ਼ਰੇਆਮ ਬਿਪਰਨ ਔਲਾਦ ਬਾਦਲਕਿਆਂ ਅਤੇ ਇਸ ਦੇ ਭਾਈਵਾਲ ਅਡਵਾਨੀਆਂ ਦੀ ਝੋਲੀ ਵਿਚ ਪਏ ਆਪਣੇ ਲਈ ਜੰਨਤ ਬੁਕ ਕਰਵਾ ਲੈਣ ਦੇ ਭਰਮ ਵਿਚ ਆਪਣਾਂ ਉਭਾਰ ਕਰੀ ਬੈਠੇ ਨੇ।

ਕਈ ਸਿਖ ਸਰੂਪ ਵਿਚ ਕਾਇਰ ਮਾਇਅਧਾਰੀ ਆਪਣੀਆਂ ਜਾਂ ਸੰਗਤ ਦੇ ਪੈਸੇ ਨਾਲ ਕੀਤੀਆਂ ਅਖਬਾਰਾਂ ਵਿਚ ਬਿਪਰਨ ਤਖਤ ਦੀ ਗੁਲਾਮੀ ਦਾ ਪ੍ਰਚਾਰ ਕਰਦੇ ਆਪਣਾਂ ਉਭਾਰ ਸਮਝੀ ਬੈਠੇ ਨੇ। ਇਕ ਆਪਣੀ ਕਾਇਰਤਾ ਅਤੇ ਬੁਝਦਿਲੀ ਤੇ ਪੜਦਾ ਪਾਈ ਰੱਖਣ ਲਈ ਪੂਰੇ ਭਾਰਤ ਨੂੰ ਖਾਲਿਸਤਾਨ ਬਣਾਉਣ ਦੀਆਂ ਟਾਹਰਾਂ ਮਾਰਨ ਨਾਲ ਆਪਣਾਂ ਉਭਾਰ ਸਮਝੀ ਬੈਠਾ ਹੈ। ਜਦ ਕਿ ਖਾਲਸੇ ਦਾ ਧਰਮ ਆਪਣਾਂ ਹੱਕ ਨਾ ਛੱਡਣਾਂ ਅਤੇ ਕਿਸੇ ਦਾ ਹੱਕ ਨਾ ਮਾਰਨਾਂ ਹੈ। ਇਹ ਉਹ ਹਨ ਜੋ ਭੋਲੇ ਸਿਖਾਂ ਦੀ ਕਮਾਈ ਦੇ ਸਿਰ ਤੇ ਆਪਣੀਂ ਅਖਬਾਰ ਵਿਚ ਇਕ ਪਾਸੇ ਪੂਰੇ ਹੀ ਦਸਮ ਗ੍ਰੰਥ ਨੂੰ ਬਿਪਰਨ ਦੀ ਲਿਖਤ ਐਲਾਨਕੇ, ਦਸ਼ਮੇਸ਼ ਪਿਤਾ ਦੀ ਕੋਈ ਬਾਣੀਂ ਨਾ ਹੋਣ ਦਾ ਬੜੀ ਉਚੀ ਪ੍ਰਚਾਰ ਕਰ ਰਹੇ ਨੇ ਪਰ ਨਾਲ ਹੀ ਦੋਮੂਹੇਂ ਹੋ ਕਿਸੇ ਹੋਏ ਬਦਮਾਸ਼ ਅਜੀਤ ਨੂੰ ਦਸ਼ਮੇਸ਼ ਪਿਤਾ ਦਾ ਪੁੱਤਰ ਹੋਣਾਂ, ਸੱਚ ਐਲਾਨ ਰਹੇ ਨੇ। ਜਦਕਿ ਬੇਮੱਤ ਤੋਂ ਬੇਮੱਤ ਇਨਸਾਨ ਵੀ ਜਾਣਦਾ ਹੈ ਕਿ ਇਹ ਕਦੇ ਨਹੀਂ ਹੋਇਆ ਕਿ ਇਕੋ ਪਰਵਾਰ ਵਿਚ ਦੋ ਪੁੱਤਾਂ ਨੂੰ ਮਾਂ ਬਾਪ ਇਕ ਹੀ ਨਾਮ ਦੇਣ।

ਇਸ ਵਿਚ ਵੀ ਕੋਈ ਅੱਤ ਕਥਨੀ ਨਹੀਂ ਹੈ ਕਿ ਵਿਦੇਸ਼ਾਂ ਵਿਚ ਵੱਡੀਆਂ ਵੱਡੀਆਂ ਸਿਖ ਯੂਨੀਵਰਸਟੀਆਂ ਵਿਚ ਸਿਖਾਂ ਨੂੰ ਧਰਮ ਦੀ ਪੜ੍ਹਾਈ ਕਰਵਾਣ ਵਾਲੇ, ਖੁਦ ਪੂਰੇ ਰੂਪ ਵਿਚ ਬਿਪਰਨ ਰੀਤ ਦਾ ਸ਼ਿਕਾਰ ਨੇ। ਨੌਵੇਂ ਗੁਰੂ ਨੇ ਦਰ ਆਏ ਬਿਪਰਨ ਦਾ ਧਰਮ, ਗੁਰੂ ਧਰਮ ਦਾ ਮੁਖ ਵਿਰੋਧੀ ਹੁੰਦੇ ਹੋਏ ਵੀ ਉਸ ਦੀ ਰੱਖਿਆ ਦਾ ਵਚਨ ਦੇ ਦਿੱਤਾ ਸੀ। ਕਿਉਂਕਿ ਬਿਪਰਨ ਵੱਲੋਂ ਆਪਣੇ ਧਰਮ ਦੀ ਰੱਖਿਆ ਗੁਰੂ ਦੇ ਦਰ ਜਾ ਕੇ ਮੰਗ ਲਈ ਸੀ। ਦਾਸ ਵੱਲੋਂ ਪੰਥ ਦੀ ਚੜ੍ਹਦੀ ਕਲਾ ਦੇ ਇਕ ਅੱਤ ਇਕੇ ਨਿੱਕੇ ਜਹੇ ਕਾਰਜ ਅਤੇ ਜਨਮਸਾਖੀ ਵਾਰੇ ਜਾਣਕਾਰੀ ਲਈ ਦੋ ਵਾਰ ਲਿਖਤੀ ਰੂਪ ਵਿਚ ਲੰਡਨ ਸਿਖ ਯੂਨੀਵਰਸਟੀ ਵਾਲਿਆਂ ਕੋਲ ਫਰਿਆਦ ਲੈਕੇ ਆਇਆ ਗਿਆ। ਪਰ ਸਿਖੀ ਸਰੂਪ ਵਿਚ ਅਸਿਖ ਅਕ੍ਰਿਤਘਣਾਂ ਵਲੋਂ ਦੋਨੋਂ ਵਾਰ ਹੀ ਹਾਂ ਤਾਂ ਕੀ, ਨਾਂਹ ਦੇ ਦੋ ਜਬਾਬੀ ਅੱਖਰ ਵੀ ਵਾਪਸੀ ਨਾ ਕਰ ਹੋਏ। ਇਹ ਗੁਰਮਤਿ ਪੜ੍ਹਾਂਦੇ, ਖੁਦ ਗੁਰਮਤਿ ਹੀਣ ਹੋਣ ਵਿਚ ਹੀ ਆਪਣਾਂ ਉਭਾਰ ਕਰੀ ਬੈਠੇ ਨੇ।

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥**
**ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥** (ਪੰਨਾ 304)
**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥ ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥** (ਪੰਨਾ 917)

ਜੇ ਕਿਸੇ ਸਿਖ ਨਾਮ ਧਰਾ ਅਤੇ ਸਿਖ ਸਰੂਪ ਵਿਚ ਹੋ ਆਪਣੀ ਮੈਂ-ਹਾਉਮੈ ਦੁਆਰਾ ਇਹ ਦੁਨੀਆਵੀ ਉਭਾਰ ਹੀ ਚਾਹਿਆ ਹੈ ਤਾਂ ਜਰੂਰ ਕਰਦਾ ਰਹੇ। ਪਰ ਯਾਦ ਰੱਖੇ: ਕਰਤੇ ਦੇ ਕੁਦਰਤ ਵਿਚ ਕੀਤੇ ਕਰਮਾਂ ਨੂੰ ਵੇਖਦੇ ਕਾਨੂੰਨ, ਨਿਆਂ ਅਤੇ ਅਦਾਲਤ ਅਨੁਸਾਰ ਇਸ ਦੁਨਿਆਵੀ ਉਭਾਰ ਬਦਲੇ ਜਮ ਦਾ ਮਾਰਗ, ਜੂਨਾਂ ਦਾ ਜੰਮਣਾਂ ਮਰਨਾਂ ਹੀ ਫਲ ਹੈ। ਇਨਾਂ ਹੀ ਨਹੀਂ ਸਗੋਂ ਕਿਸੇ ਵੀ ਜੂਨ ਵਿਚ ਕਿਸੇ ਪਲ ਭਰ ਦੇ ਸੁਖ ਤੋਂ ਵੀ ਵਾਂਝੇ ਕਰ ਲੈਣਾਂ ਹੈ। ਕਿਉਂਕਿ ਇਹ ਪਵਿਤ੍ਰ ਇਨਸਾਨ ਵਜੋਂ ਦਾਹਵੇ ਦੇ ਸਰੂਪ ਵਿਚ ਛੁਪਕੇ, ਗੁਰੂ ਹੁਕਮਾਂ ਦੇ ਉਲਟ ਕੀਤੇ ਗਏ ਕੁਕਰਮ ਹਨ। ਗੁਰਮਤਿ ਅਨੁਸਾਰ ਤਾਂ ਇਨਾਂ ਦੁਨੀਆਂਵੀ ਉਭਾਰ ਕਰਨ ਵਾਲਿਆਂ ਨੇ

ਗੁਰੂ ਦੀ ਮਤ ਤੋਂ ਨਾ ਸਿਖਣ ਦੇ ਸਬੂਤ ਨਾਲ ਆਪਣੇ ਆਪਨੂੰ ਅਸਿਖ ਕਰਕੇ ਆਪਣਾਂ ਨਾਤਾ ਗੁਰੂ ਨਾਲੋਂ ਤੋੜਿਆ ਹੋਇਆ ਹੈ ਅਤੇ ਆਪਣੇ ਆਪਨੂੰ ਹੋਰ ਮਨਮਤੀ ਸੰਸਾਰ ਵਿਚ ਸ਼ਾਮਿਲ ਕੀਤਾ ਹੋਇਆ ਹੈ।

**ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥ ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥** (ਪੰਨਾ 22)

**ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥** (ਪੰਨਾ 29)

**ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥**
**ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥** (ਪੰਨਾ 41)

**ਕਿਰਤੁ ਪਇਆ ਨਹ ਮੇਟੈ ਕੋਇ ॥ ਕਿਆ ਜਾਣਾ ਕਿਆ ਆਗੈ ਹੋਇ ॥** (ਪੰਨਾ 154)

**ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ ॥**
**ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ ॥** (ਪੰਨਾ 172)

**ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ ॥ ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ ॥** (ਪੰਨਾ 591)

**ਕਉਡੀ ਬਦਲੈ ਤਿਆਗੈ ਰਤਨੁ ॥ ਛੋਡਿ ਜਾਇ ਤਾਹੂ ਕਾ ਜਤਨੁ ॥** (ਪੰਨਾ 892)

**ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥ ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥** (ਪੰਨਾ 1258)

ਇਕ ਮਾਇਆਧਾਰੀ ਸੰਸਾਰ ਪੱਧਰ ਉਤੇ ਮਾਇਆ ਦੇ ਜੋਰ ਤੇ ਆਪਣਾਂ ਉਭਾਰ ਕਰੀ ਬੈਠੇ ਨੇ ਅਤੇ ਇਸ ਨੂੰ ਆਪਣੇ ਹੁਕਮ ਅਤੇ ਰਜਾ ਅਧੀਨ ਚਲਾਉਣ ਦਾ ਅਧਿਕਾਰ ਜਿਤਾਂਦੇ ਨੇ। ਕਈ ਯੂ ਐਨ ਓ ਦੀ ਸੁਰੱਖਿਆਤ ਕੌਂਸਲ ਦੇ ਨਾਂ ਥੱਲੇ ਅਤੇ ਕਈ ਇਸ ਤੋਂ ਬਿਨਾਂ ਹੀ ਐਟਮੀ ਹਥਿਆਰਾਂ ਦੇ ਜੋਰ ਤੇ ਆਪਣਾਂ ਉਭਾਰ ਕਰੀ ਬੈਠੇ ਨੇ।

ਇਕ ਅਨੇਕ ਬੁੱਤ, ਮੂਰਤੀ ਪੂਜਕ ਬਿਪਰਨ ਬ੍ਰਾਹਮਣ ਆਪਣੇ ਅਪਨੂੰ ਸੱਭ ਤੋਂ ਉਚਾ ਸੁਚਾ ਅਤੇ ਬਾਕੀਆਂ ਨੂੰ ਉਸ ਤੋਂ ਨੀਚ ਐਲਾਨੀ ਬੈਠਾ ਹੈ ਅਤੇ ਹਿੰਦੂ ਬਿਨਾਂ ਬਾਕੀ ਜੀਵਨ ਜਾਚ ਦੇ ਖਾਤਮੇ ਲਈ ਆਪਣੇ ਧਰਮ ਸਲੋਕ ਪੜ੍ਹਦਾ ਹੈ ਤੇ ਜਦ ਹੱਥ ਤਾਕਤ ਰਾਜ-ਤਲਵਾਰ ਹੈ ਤਾਂ ਇਸ ਨਾਲ ਬਾਕੀ ਜੀਵਨ ਜਾਚ ਦਾ ਖਾਤਮਾਂ ਕਰਦਾ ਹੈ ਅਤੇ ਇਸ ਕਦਰ ਆਪਣੇ ਉਭਾਰ ਦਾ ਪ੍ਰਬੰਧ ਕਰੀ ਬੈਠਾ ਹੈ।

ਇਕ ਇਹ ਦਾਹਵਾ ਲਈ ਫਿਰਦਾ ਹੈ ਕਿ ਸਿਰਫ ਤੇ ਸਿਰਫ ਉਸ ਦੇ ਫਿਰਕੇ ਦੀ ਹੀ ਰੱਬ ਨੇ ਆਪਣੀ ਅਸਲ ਸੰਤਾਨ ਵਜੋਂ ਚੋਣ ਕੀਤੀ ਹੋਈ ਹੈ ਅਤੇ ਸੁੰਨਤ ਦੁਆਰਾ ਆਪਣੇ ਰੱਬ ਜਾਹਵੇ ਨਾਲ, ਉਸ ਦੇ ਹੋਣ ਦਾ ਇਕਰਾਰ ਕਰਕੇ, ਬਾਕੀ ਇਨਸਾਨ ਜਾਤੀ ਨਾਲੋਂ ਉਚੇ, ਸੁਚੇ ਹੋਣ ਦੇ ਐਲਾਨ ਦੁਆਰਾ ਆਪਣੇ ਉਭਾਰ ਦਾ ਪ੍ਰਬੰਧ ਕਰੀ ਬੈਠਾ ਹੈ।

ਇਕ, ਨਿਰਾਕਾਰ ਅੱਲਾ ਦੇ ਬਰਾਬਰ ਸਰੀਰ ਖੜਾ ਕਰਕੇ ਆਪਣੀ ਓਚਮਤਾ ਦਾ ਦਾਅਵਾ ਐਲਾਨਦਾ ਹੈ ਅਤੇ ਬਾਕੀਆਂ ਨੂੰ ਇਕੋ ਅੱਲਾ ਦੇ ਨਾ ਹੋਣੇ ਮੰਨਦਾ, ਉਨਾਂ ਨੂੰ ਕਾਫਰ ਦੱਸਕੇ, ਉਨਾਂ ਦੇ ਖਾਤਮੇ ਨੂੰ ਰੱਬੀ ਕਰਮ ਦਸਦਾ ਹੈ। ਇਸ ਨਿਜੀ ਕੰਮ ਲਈ ਮਰਨ ਬਦਲੇ ਜੰਨਤ ਅਤੇ ਜੰਨਤ ਵਿਚ ਕੁਆਰੀਆਂ ਦਾ ਸੰਗ ਇਨਾਮ ਐਲਾਨਦਾ ਹੈ ਅਤੇ ਇਸ ਕਦਰ ਆਪਣੇ ਉਭਾਰ ਦਾ ਪ੍ਰਬੰਧ ਕਰੀ ਬੈਠਾ ਹੈ।

ਇਕ ਨੇ ਆਪਣੇ ਆਪਨੂੰ ਬਾਕੀ ਸੱਭ ਤੋਂ ਉਪਰ ਹੋਣ ਦੇ ਦਾਹਵੇ ਲਈ, ਕਰਤਾ ਦਾ ਆਪਣੇ ਲਈ ਹੁਕਮ ਅਤੇ ਰਜਾ ਬਣੀ ਨਿਰਸਵਾਰਥ ਸ਼ਹਾਦਤ ਦੇ ਜਾਣ ਵਾਲੇ ਸੂਰੇ ਸੰਤ ਨੂੰ ਕੁਆਰੀ ਦੇ ਪੇਟੋਂ ਸਿਧਾ ਰੱਬ ਦਾ ਜੰਮਿਆਂ ਪੁੱਤ ਐਲਾਨਿਆ ਹੋਇਆ ਹੈ ਅਤੇ ਆਪਣੀ ਮਾਇਆਧਾਰੀ ਰਾਜ-ਕਰਤਾ ਦੁਨਿਆਵੀ ਤਾਕਤ ਨਾਲ ਅੰਦਰੋਂ ਮਿਲਕੇ, ਸੰਸਾਰ ਉਤੇ ਆਪਣੀ ਸਰਦਾਰੀ ਦਾ ਹੱਕ ਜਿਤਾ ਰਿਹਾ ਹੈ ਅਤੇ ਇਸ ਕਦਰ ਆਪਣੇ ਉਭਾਰ ਦਾ ਪ੍ਰਬੰਧ ਕਰੀ ਬੈਠਾ ਹੈ।

**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥**
**ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥** (ਪੰਨਾ 56)

**ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥**
**ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥** (ਪੰਨਾ 358)

**ਇਸੁ ਭਗਤੀ ਨੋ ਸੁਰਿ ਨਰ ਮੁਨਿ ਜਨ ਲੋਚਦੇ ਵਿਣੁ ਸਤਿਗੁਰ ਪਾਈ ਨ ਜਾਇ ॥**
**ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ ॥** (ਪੰਨਾ 425)

ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥ ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥ ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥ ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥ (ਪੰਨਾ 465)
ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥
ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥ (ਪੰਨਾ 632)
ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥ ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥ (ਪੰਨਾ 654)
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੨॥
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥ (ਪੰਨਾ 909)
ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥ ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥ ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥ ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥ (ਪੰਨਾ 948)
ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ ॥ ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥ (ਪੰਨਾ 1106)
ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥ (ਪੰਨਾ 1066)
ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥ (ਪੰਨਾ 1257)
ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥ (ਪੰਨਾ 1403)
ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥ (ਪੰਨਾ 216)
ਅਬ ਮਨ ਜਾਗਤ ਰਹੁ ਰੇ ਭਾਈ ॥ ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥,
ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥ (ਪੰਨਾ 339)
ਪ੍ਰਭ ਮੇਰੇ ਸਭ ਬਿਧਿ ਆਗੈ ਜਾਨੀ ॥ ਭ੍ਰਮ ਕੇ ਮੂਸੇ ਤੂੰ ਰਾਖਤ ਪਰਦਾ ਪਾਛੈ ਜੀਅ ਕੀ ਮਾਨੀ ॥ (ਪੰਨਾ 403)
ਘੜੀਆ ਸਭੇ ਗੋਪੀਆ ਪਹਰ ਕੰਨ੍ ਗੋਪਾਲ ॥ ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥ ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥ ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥ (ਪੰਨਾ 465)
ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ ॥ ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ ॥ (ਪੰਨਾ 752)
ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥ (ਪੰਨਾ 767)
ਮਨਮੁਖਿ ਭੂਲੈ ਜਮ ਕੀ ਕਾਣਿ ॥ ਪਰ ਘਰੁ ਜੋਹੈ ਹਾਣੇ ਹਾਣਿ ॥ ਮਨਮੁਖਿ ਭਰਮਿ ਭਵੈ ਬੇਬਾਣਿ ॥ ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥ ਸਬਦੁ ਨ ਚੀਨੈ ਲਵੈ ਕੁਬਾਣਿ ॥ ਨਾਨਕ ਸਾਚਿ ਰਤੇ ਸੁਖੁ ਜਾਣਿ ॥ (ਪੰਨਾ 941)
ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥੧॥
ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥ (ਪੰਨਾ 1128)
ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ ॥ ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ ॥
ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ ॥
ਗੁਰਮਤੀ ਜਾਗੇ ਤਿਨ੍ੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ ॥ (ਪੰਨਾ 1282)
ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ ॥ ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ ॥ (ਪੰਨਾ 1365)
ਮਾਇਆ ਮੋਹਿ ਜਗੁ ਭਰਮਿਆ ਘਰੁ ਮੁਸੈ ਖਬਰਿ ਨ ਹੋਇ ॥ ਕਾਮ ਕ੍ਰੋਧਿ ਮਨੁ ਹਿਰਿ ਲਇਆ ਮਨਮੁਖ ਅੰਧਾ ਲੋਇ ॥
ਗਿਆਨ ਖੜਗ ਪੰਚ ਦੂਤ ਸੰਘਾਰੇ ਗੁਰਮਤਿ ਜਾਗੈ ਸੋਇ ॥
ਨਾਮ ਰਤਨੁ ਪਰਗਾਸਿਆ ਮਨੁ ਤਨੁ ਨਿਰਮਲੁ ਹੋਇ ॥ (ਪੰਨਾ 1414)
ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥ (ਪੰਨਾ 140-141)

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥,

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥ ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥ (ਪੰਨਾ 141)

ਮੁਸਲਮਾਣੁ ਮੋਮ ਦਿਲਿ ਹੋਵੈ ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥ ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ ॥ (ਪੰਨਾ 1084)

ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ ॥ (ਪੰਨਾ 1374)

ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥ ਕਾਜੀ
ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥ ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥ ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥ (ਪੰਨਾ 662)

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ (ਪੰਨਾ 875)

ਏਥੈ ਜਾਣੈ ਸੁ ਜਾਇ ਸਿਞਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ ॥
ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥ (ਪੰਨਾ 952)

ਮਨਮੁਖਿ ਅੰਧੇ ਸੁਧਿ ਨ ਕਾਈ ॥ ਆਤਮ ਘਾਤੀ ਹੈ ਜਗਤ ਕਸਾਈ ॥ (ਪੰਨਾ 118)

ਗੁਰ ਸਤਿਗੁਰ ਵਿਚਿ ਨਾਵੈ ਕੀ ਵਡੀ ਵਡਿਆਈ ਹਰਿ ਕਰਤੈ ਆਪਿ ਵਧਾਈ ॥
ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨ੍ਹਿ ਓਨ੍ਹਾ ਅੰਦਰਿ ਹਿਰਦੈ ਭਾਈ ॥
ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨ੍ਹਾ ਪਰਾਇਆ ਭਲਾ ਨ ਸੁਖਾਈ ॥ (ਪੰਨਾ 850)

ਗੁਰਸਿਖ ਦਾ, ਗੁਰਸਿਖ ਦੇ ਗੁਰੂ ਦਾ ਅਤੇ ਉਸ ਦੇ, ਸੱਭ ਦੇ ਹਰਿ ਕਰਤਾ ਦਾ ਉਭਾਰ ਤਾਂ ਗੁਰੂ ਦੇ ਹੁਕਮਾਂ ਦਾ ਪੂਰਨ ਰੂਪ ਵਿਚ ਹੋ ਜਾਣ ਨਾਲ ਹੀ ਸੰਭਵ ਹੋ ਸਕਦਾ ਹੈ।

ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥ ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ ॥ (ਪੰਨਾ 42)

ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥ ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥
ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥ (ਪੰਨਾ 238)

ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥ ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥ ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥ (ਪੰਨਾ 286)

ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ ॥ ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ ॥ (ਪੰਨਾ 307)

ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥ ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥ ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥ ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥ ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥ (ਪੰਨਾ 441)

ਲਗਿ ਲਗਿ ਪ੍ਰੀਤਿ ਬਹੁ ਪ੍ਰੀਤਿ ਲਗਾਈ ਲਗਿ ਸਾਧੂ ਸੰਗਿ ਸਵਾਰੇ ॥
ਗੁਰ ਕੇ ਬਚਨ ਸਤਿ ਸਤਿ ਕਰਿ ਮਾਨੇ ਮੇਰੇ ਠਾਕੁਰ ਬਹੁਤੁ ਪਿਆਰੇ ॥ (ਪੰਨਾ 982)

ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥ (ਪੰਨਾ 1032)

ਗੁਰਸਿਖ ਦਾ, ਗੁਰਸਿਖ ਦੇ ਗੁਰੂ ਦਾ, ਗੁਰਸਿਖ ਦੇ ਅਤੇ ਸੱਭ ਦੇ ਹਰਿ ਕਰਤਾ ਦਾ ਉਭਾਰ ਤੇ ਗੁਰੂ ਅਨੁਸਾਰ ਇਹ ਹੈ:

ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥ (ਪੰਨਾ 19)
ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥ (ਪੰਨਾ 28)
ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥ ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥ (ਪੰਨਾ 30)
ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ ॥ ਨਾਨਕ ਨਾਮਿ ਲਗੇ ਸੇ ਉਬਰੇ ਹਉਮੈ ਸਬਦਿ ਗਵਾਇ ॥ (ਪੰਨਾ 33)
ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥ ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥ (ਪੰਨਾ 34)
ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥
ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥ (ਪੰਨਾ 41-42)
ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ ॥ ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ ॥ (ਪੰਨਾ 54-55)
ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥ ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥,
ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥ ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥ (ਪੰਨਾ 55)
ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥ ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥ (ਪੰਨਾ 65)
ਦੂਜੈ ਭਾਇ ਦੁਖੁ ਪਾਇਆ ਸਭ ਜੋਹੀ ਜਮਕਾਲਿ ॥ ਨਾਨਕ ਗੁਰਮੁਖਿ ਉਬਰੇ ਸਾਚਾ ਨਾਮੁ ਸਮਾਲਿ ॥ (ਪੰਨਾ 84-85)
ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥ (ਪੰਨਾ 142)
ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ ॥ ਤੇਰੀ ਟੇਕ ਭਰਵਾਸਾ ਤੁਮ੍ਰਰਾ ਜਪਿ ਨਾਮੁ ਤੁਮ੍ਾਰਾ ਉਧਰੇ ॥ (ਪੰਨਾ 748)
ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ ॥
ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ ॥ (ਪੰਨਾ 835)
ਲਾਲਾ ਗੋਲਾ ਖਸਮ ਕਾ ਖਸਮੈ ਵਡਿਆਈ ॥ ਗੁਰ ਪਰਸਾਦੀ ਉਬਰੇ ਹਰਿ ਕੀ ਸਰਣਾਈ ॥ (ਪੰਨਾ 1011)
ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥ ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ ॥ (ਪੰਨਾ 1424)

ਜਿਸ ਗੁਰੂ ਦੇ ਉਪਦੇਸ਼ ਨੂੰ ਯਾਦ ਰੱਖਿਆ, ਗੁਰੂ ਹੁਕਮ ਕਰਮ ਲੈ ਲਏ। ਜਿਸ ਭੁਲਿਆ ਉਸ ਆਪਣੇ ਉਪਰ ਦੁਨਿਆਵੀ ਮਾਲਕਾਂ ਦੀ ਰਜਾ ਦੇ ਬਿਪਰਨ ਕਰਮ ਲੈ ਲਏ। ਪਰ ਇਸ ਖੇਲ ਦਾ ਮਾਲਕ ਜਦ ਹੈ ਹੀ ਇਕੋ ਇਕ ਕਰਤਾ ਰੱਬ ਅੱਲਾ ਤਾਂ ਕਿਸੇ ਨੂੰ ਦੋਸ਼ ਕੋਈ ਨਹੀ। ਇਕ ਨੇ ਬਦੀ ਆਪਣੇ ਲਈ ਕਰਤਾ ਦੀ ਰਜਾ ਕਰ ਲਈ। ਗੁਰਸਿਖ ਨੇ ਗੁਰੂ ਗਿਆਨ ਦੁਅਰਾ ਆਪਣੇ ਲਈ ਨੇਕੀ, ਆਪਣੇ ਗੁਰੂ ਪਾਰਬ੍ਰਹਮ ਪਰਮੇਸ਼ਰ ਰੱਬ ਦਾ ਹੁਕਮ, ਰਜਾ ਅਤੇ ਭਾਣਾਂ ਕਰ ਲਏ।

ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ ॥
ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ ॥ (ਪੰਨਾ 70)
ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥ ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥
ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥ (ਪੰਨਾ 67)
ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥
ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥ (ਪੰਨਾ 138)
ਜਿਸੁ ਹਰਿ ਆਪਿ ਕ੍ਰਿਪਾ ਕਰੇ ਸੋ ਵੇਚੇ ਸਿਰੁ ਗੁਰ ਆਗੈ ॥
ਜਨ ਨਾਨਕ ਹਰਿ ਰਸਿ ਤ੍ਰਿਪਤਿਆ ਫਿਰਿ ਭੂਖ ਨ ਲਾਗੈ ॥ (ਪੰਨਾ 167)
ਆਪਹਿ ਸੁੰਨ ਆਪਹਿ ਸੁਖ ਆਸਨ ॥ ਆਪਹਿ ਸੁਨਤ ਆਪ ਹੀ ਜਾਸਨ ॥ ਆਪਨ ਆਪੁ ਆਪਹਿ ਉਪਾਇਓ ॥
ਆਪਹਿ ਬਾਪ ਆਪ ਹੀ ਮਾਇਓ ॥ ਆਪਹਿ ਸੂਖਮ ਆਪਹਿ ਅਸਥੂਲਾ ॥ ਲਖੀ ਨ ਜਾਈ ਨਾਨਕ ਲੀਲਾ ॥ (ਪੰਨਾ 250)
ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥ (ਪੰਨਾ 425)
ਗੁਰ ਪਰਸਾਦੀ ਆਪੁ ਗਵਾਈਐ ਨਾਨਕ ਨਾਮਿ ਪਤਿ ਪਾਈ ॥
ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ॥ (ਪੰਨਾ 570)
ਇਕਿ ਸਬਦੁ ਵੀਚਾਰਿ ਸਦਾ ਜਨ ਜਾਗੇ ॥ ਇਕਿ ਮਾਇਆ ਮੋਹਿ ਸੋਇ ਰਹੇ ਅਭਾਗੇ ॥
ਆਪੇ ਕਰੇ ਕਰਾਏ ਆਪੇ ਹੋਰੁ ਕਰਣਾ ਕਿਛੂ ਨ ਜਾਈ ਹੇ ॥ (ਪੰਨਾ 1087)

ਚਰਨ ਕਮਲ ਹਿਰਦੈ ਉਰ ਧਾਰੀ ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥ (ਪੰਨਾ 193)
ਹਰਿ ਰੰਗਿ ਚਲੂਲੈ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ ॥
ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ ॥ (ਪੰਨਾ 311)
ਜਿਸ ਕਾ ਸਭੁ ਕਿਛੁ ਤਿਸ ਕਾ ਹੋਇ ॥ ਤਿਸੁ ਜਨ ਲੇਪੁ ਨ ਬਿਆਪੈ ਕੋਇ ॥ (ਪੰਨਾ 388)
ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ ॥ ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ ॥ (ਪੰਨਾ 396)
ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥ (ਪੰਨਾ 727)
ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥ ਓਤਿ ਪੋਤਿ ਨਾਨਕ ਸੰਗਿ ਬਸੇਰਾ ॥ (ਪੰਨਾ 739)
ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥ ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥ (ਪੰਨਾ 821)
ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥ (ਪੰਨਾ 827)
ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ ॥
ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ ॥ (ਪੰਨਾ 834)
ਕਿਆ ਦੇਵਉ ਜਾ ਸਭੁ ਕਿਛੁ ਤੇਰਾ ॥ ਸਦ ਬਲਿਹਾਰਿ ਜਾਉ ਲਖ ਬੇਰਾ ॥ (ਪੰਨਾ 887)
ਅਨਦਿਨੁ ਲਾਲੇ ਚਾਕਰੀ ਗੋਲੇ ਸਿਰਿ ਮੀਰਾ ॥ ਗੁਰ ਬਚਨੀ ਮਨੁ ਵੇਚਿਆ ਸਬਦਿ ਮਨੁ ਧੀਰਾ ॥ (ਪੰਨਾ 1011-1012)
ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸੁ ਜੋਨੀ ਫਿਰਣਾ ॥ (ਪੰਨਾ 1019)
ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥
ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥ (ਪੰਨਾ 1113)
ਉਸਤਤਿ ਨਿੰਦਾ ਕਰੇ ਕਿਆ ਕੋਈ ॥ ਜਾਂ ਆਪੇ ਵਰਤੈ ਏਕੋ ਸੋਈ ॥ (ਪੰਨਾ 1128)
ਹਉ ਨਾਹੀ ਨਾਹੀ ਕਿਛੁ ਮੇਰਾ ਨਾ ਹਮਰੋ ਬਸੁ ਚਾਰੀ ॥
ਕਰਨ ਕਰਾਵਨ ਨਾਨਕ ਕੇ ਪ੍ਰਭ ਸੰਤਨ ਸੰਗਿ ਉਧਾਰੀ ॥ (ਪੰਨਾ 1216)
ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ ਹਉਮੈ ਕਦੇ ਨ ਚੂਕੈ ਫੇਰੀ ॥
ਨਾਨਕ ਆਪਿ ਕਰਾਏ ਕਰਤਾ ਜੋ ਤਿਸੁ ਭਾਵੈ ਸਾਈ ਗਲ ਚੰਗੇਰੀ ॥ (ਪੰਨਾ 1251)
ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ ॥
ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ ॥ (ਪੰਨਾ 1313)
ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ (ਪੰਨਾ 1381)
ਨਾ ਮਨੁ ਮਰੈ ਨ ਮਾਇਆ ਮਰੈ ॥ ਜਿਨਿ ਕਿਛੁ ਕੀਆ ਸੋਈ ਜਾਣੈ ਸਬਦੁ ਵੀਚਾਰਿ ਭਉ ਸਾਗਰੁ ਤਰੈ ॥ (ਪੰਨਾ 1382)
ਡੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥ (ਅਕਾਲ ਉਸਤਤ ਪਾ: ੧੦)

ਕਾਦਰ ਵੱਲੋਂ ਆਪਣੀ ਕੁਦਰਤ ਵਿਚ ਕੀਤੇ ਕਰਮਾਂ ਅਨੁਸਾਰ ਨਿਆਂ ਕਾਨੂੰਨ ਦੇ ਅਧਾਰ ਉਤੇ ਜਿਵੇਂ ਹੋਰ ਧਰਮਾਂ ਨੂੰ ਮੰਨਣ ਜਾਂ ਨਾ ਮੰਣਣ ਵਾਲਿਆਂ ਵਿਚੋਂ ਕੋਈ ਅਜੇਹਾ ਨਹੀਂ ਹੈ ਜੋ ਜੰਮ ਦੇ ਮਾਰਗ ਤੋਂ ਛੁਟਕਾਰਾ ਪਾ ਸਕਦਾ ਹੋਵੇ ਇਵੇਂ ਹੀ ਇਹ ਪ੍ਰਾਣੀਂ ਤਾਂ ਬੜੀ ਦੂਰ, ਅੱਜ ਸੰਸਾਰ ਮੰਚ ਉਤੇ ਕੋਈ ਅਜੇਹਾ ਸਿਖ ਵੀ ਨਹੀਂ ਨਜ਼ਰ ਆ ਰਿਹਾ ਜਿਸ ਵੱਲੋਂ ਪੂਰਨ ਗੁਰੂ ਹੁਕਮ ਕਰਮਾਂ ਨਾਲ ਆਪਣੇ ਆਪਨੂੰ ਜੰਮ ਦੇ ਮਾਰਗ ਤੋਂ ਛੁਟਕਾਰਿਆਂ ਦੇ ਕਾਵਲ ਕਰ ਲਿਆ ਹੋਵੇ।
ਸੋ ਖਾਲਸਾ ਜੀ ਜਨਮ ਸਾਖੀ ਤੇ ਸ਼ੁਰੂ ਖੋਜ ਕਾਰਜ ਅਤੇ ਇਸ ਦੀ ਸਮਾਪਤੀ ਤੱਕ ਦੇ ਹੋਏ ਨੂੰ ਆਪਜੀ ਨਾਲ ਸਾਂਝਾ ਕਰਕੇ ਆਪਜੀ ਨੂੰ ਇਹ ਜਾਣੂੰ ਕਰਵਾਂਦੇ ਹਾਂ ਕਿ ਖੋਜ ਅਧਾਰ ਉਤੇ ਇਸ ਜਨਮਸਾਖੀ ਨੂੰ ਜਰੂਰੀ ਗੁਰਮਤਿ ਸਹਿਤ ਵਜੋਂ ਚੁਣ ਲਿਆ ਹੈ ਅਤੇ ਕੁਝ ਸਿਖ ਵੀਰਾਂ ਦੇ ਦਸਵੰਦ ਹਿਸੇ ਸਹਾਰੇ, ਸਿਖ ਸੰਗਤਾਂ ਸਹਾਰੇ ਅਤੇ ਗੁਰੂ ਘਰਾਂ ਸਹਾਰੇ ਇਸ ਨੂੰ ਅੰਗਰੇਜੀ ਵਿਚ ਅਨੁਵਾਦ ਅਤੇ ਦੋਹਾਂ ਭਾਸ਼ਾਵਾਂ ਵਿਚ ਇਸ ਨੂੰ ਕੰਮਪੂਟਰ ਰਾਈਜ਼ ਕਰਵਾਣ ਦਾ ਫੈਸਲਾ ਕਰ ਲਿਆ ਹੈ। ਸੋ ਸੰਗਤ ਜੀ 'ਦੇਸ ਪੰਜਾਬ' ਦੁਅਰਾ ਅਸੀਂ ਇਹ ਜਾਨਣ ਲਈ ਆਏ ਹਾਂ ਕਿ ਸ਼ਾਇਦ ਕਿਸੇ ਸਿਖ ਨੂੰ, ਕਿਸੇ ਸਿਖ ਸੰਸਥਾ ਨੂੰ ਜਾਂ ਕਿਸੇ ਪਾਠਕ ਪ੍ਰਾਣੀ ਨੂੰ ਪਤਾ ਹੋਵੇ ਕਿ ਇਸ ਜਨਮ ਸਾਖੀ ਦਾ ਅੰਗਰੇਜੀ ਅਨੁਵਾਦ ਪਹਿਲੋਂ ਹੀ ਹੋਇਆ, ਕਿਸੇ ਕੋਲ ਪਿਆ ਹੋਵੇ ਜਾਂ ਇਹ ਕਾਰਜ

ਕਿਸੇ ਵਲੋਂ ਅਰੰਭਿਆ ਹੋਵੇ ਤਾਂ ਉਹ 'ਦੇਸ ਪੰਜਾਬ' ਦੁਆਰਾ ਜਾਂ ਸਾਨੂੰ ਫੋਨ, ਫਕਸ ਜਾਂ ਏਮੇਲ ਦੁਆਰਾ ਜਰੂਰ ਸੂਚਤ ਕਰੇ। ਇਸ ਸਹਿਯੋਗ ਲਈ ਅਸੀਂ ਆਪਜੀ ਦੇ ਅਗਾਓ ਹੀ ਅਤੀ ਧੰਨਵਾਦੀ ਹੁੰਦੇ ਹਾਂ।

ਜ਼ਫਰਨਾਮਹ ਪਾ:੧੦ ਦਾ ਪਹਿਲੀ ਹਿਕਾਇਤ ਤੱਕ ਹੋਇਆ ਅੰਗਰੇਜੀ ਅਨੁਵਾਦ ਤਾਂ ਮਿਲਦਾ ਹੈ ਪਰ ਬਾਕੀ ਦੋ ਤੋਂ ਆਖਰੀ ਹਿਕਾਇਤ 12 ਤੱਕ ਦਾ ਨਹੀਂ। ਇਸ ਥੁੜਦੇ ਦਾ ਵੀ ਅੰਗਰੇਜੀ ਅਨੁਵਾਦ ਕਰਵਾਣ ਦਾ ਫੈਸਲਾ ਲਿਆ ਗਿਆ ਹੈ। ਇਹ ਦਸ਼ਮੇਸ਼ ਪਿਤਾ ਦੀ ਅਸਲ ਕਿਰਤ ਗੁਰਮਤਿ ਦਾ ਅਨਿਖੜ ਅੰਗ ਹੈ ਅਤੇ ਕਰਤੇ, ਗੁਰਸਿਖ ਨੂੰ ਇਕ ਦਿਨ ਆਪਣਾ ਸੱਚ ਗਿਆਨ ਬਖਸ਼ਣ ਲਈ ਬਿਪਰਣ ਦੇ ਵਾਰ ਤੋਂ ਬਚਾਈ ਹੋਈ ਹੈ। ਕਰਤੇ ਦੇ ਹੁਕਮ- ਰਜਾ ਉਤੇ ਜੂਨ ਚੌਰਾਸੀ ਦੇ ਸ਼ਹੀਦ ਜ਼ਫਰਨਾਮਹੇ ਵਿਚ ਆਉਂਦੇ ਪਾਤਰਾਂ ਨੂੰ ਅਤੇ ਉਨਾਂ ਦੇ ਅਤੀਤ ਨੂੰ ਜੱਗ ਜਾਹਰ ਕਰ ਗਏ ਨੇ। ਇਕ ਹੋਰः ਇਹ ਜੂਨ ਚੌਰਾਸੀ ਦੇ ਸੂਰੇ ਸ਼ਹੀਦ, ਉਨਾਂ ਦੁਆਰਾ ਪੰਥ ਲਈ ਜਾਰੀ ਹੋਇਓ ਪੰਥ ਦੀ ਆਜਾਦੀ ਦੇ ਹੁਕਮਨਾਮੇ ਨੂੰ, ਇਸ ਦੀ ਪੂਰਤੀ ਤੱਕ ਸਤ ਮੰਨਣ ਵਾਲੇ ਆਪਣੇ ਸੂਰੇ ਗੁਰਸਿਖ ਲਾਲੋ ਪੰਥ ਨੂੰ ਇਕ ਪਾਰਖੂ ਨਜ਼ਰ ਵੀ ਬਖਸ਼ ਗਏ ਸਨ ਜੋ ਅੱਜ ਗੁਰੂ ਆਸਰੇ, ਆਪਣੇ ਪੂਰਨ ਪੁਰਖ ਗੁਰੂ ਦਸਮੇਸ਼ ਪਿਤਾ ਜੀ ਦੇ ਨਾਮ ਨਾਲ ਜੋੜੇ ਅਕ੍ਰਿਤਘਣ ਨਿੰਦਕ ਬਿਪਰਨ ਦੇ ਕੂੜ ਨੂੰ ਜਾਣ ਸਕਣ ਦੇ ਸਮਰੱਥ ਹੋ ਗਈ ਹੈ।

ਖਾਲਸਾ ਜੀ ਗੁਰੂ ਆਸਰੇ ਇਥੇ ਦਰਜ ਹੋ ਰਿਹਾ ਬੜਾ ਅਸਚਰਜ ਜਾਪੇਗਾ ਕਿ ਕਰਤੇ ਅੱਜ ਤੋਂ ਤਕਰੀਬਨ 1900 ਸਾਲ ਪਹਿਲੋਂ ਦਾ ਆਪਣੀ ਰਜਾ ਉਤੇ ਅੱਖਰੀਂ ਪ੍ਰੋਇਆ ਅਤੇ ਬਿਪਰਨ ਦੀ ਇਕ ਔਲਾਦ ਹਥੋਂ ਅੱਗ ਦੀ ਭੇਂਟ ਹੋ ਰਾਖ ਹੋਣੋਂ ਉਦੋਂ ਤੋਂ ਬਚਾਇਆ ਸੱਚ, ਅੱਜ ਪ੍ਰਗਟ ਕਰਕੇ ਅਤੇ ਇਸ ਵਿਚੋਂ ਕੁਝ ਜਰੂਰੀ ਨੂੰ ਪੜ੍ਹ ਸਕਣ ਲਈ ਬਚਾਕੇ, ਆਪਣੇ ਲਾਲੋ ਕਿਆਂ ਦੀ ਨਜ਼ਰੀਂ, ਖੋਜ ਲਈ ਕੀਤਾ ਹੈ ਜਿਸ ਬਾਝੋਂ ' **ਅਗਦੁ ਪੜੈ ਸੈਤਾਨੁ ਵੇ ਲਾਲੋ** ' ਦੇ ਅਰਥ, ਪਹਿਚਾਣ ਅਤੇ ਗੁਰਮਤਿ ਬਿਖਿਆਨ ਦਾ ਇਕ ਹਿੱਸਾ ਅਧੂਰਾ ਰਹਿ ਜਾਣਾਂ ਸੀ।

**ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥** (ਪੰਨਾ 919)

ਗੁਰਮਤਿ ਬਖਿਆਨ ਨੂੰ ਗੁਰੂ ਆਸਰੇ ਇਕ ਮੁੰਢਲੇ ਰੂਪ ਵਿਚ ਕਲਮ ਬੰਦ ਕਰ ਸਕਣ ਲਈ ਲੋੜੀਂਦੀਆਂ ਵਗਿਆਨਕ ਖੋਜਾਂ ਦਾ ਕਾਰਜ ਵੀ ਕਰਤੇ ਪੂਰਾ ਕਰਵਾਕੇ, ਖੋਜ ਸਿਟਿਆਂ ਲਈ ਆਪਣੀਆਂ ਕੱਠਪੁਤਲੀਆਂ ਕੋਲ ਕੀਤਾ ਹੈ।

**ਆਸਣੁ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੁ ਏਕਾ ਵਾਰ ॥** (ਪੰਨਾ 7)

**ਖੋਜਤ ਖੋਜਤ ਨਿਜ ਘਰੁ ਪਾਇਆ ॥ ਅਮੋਲ ਰਤਨੁ ਸਾਚੁ ਦਿਖਲਾਇਆ ॥** (ਪੰਨਾ 181)

ਸਿਖ ਇਤਿਹਾਸ (1469-1765) ਲੇਖਿਕ ਪ੍ਰਿੰਸੀਪਲ ਤੇਜਾ ਸਿੰਘ, ਗੰਡਾ ਸਿੰਘ, ਅੰਗਰੇਜੀ ਭਾਸ਼ਾ ਵਿਚ ਪਹਿਲੋਂ ਹੀ ਮਾਜੂਦ ਹੈ। ਜੇ ਕਿਸੇ ਨੂੰ ਕੋਈ ਇਤਰਾਜ ਹੋਵੇ ਉਸ ਨੂੰ ਵੀ ਵੇਖ ਸਕਦੇ ਹੋ। ਅਕ੍ਰਿਤਘਣਾਂ ਵੱਲੋਂ ਅੱਤ ਚਲਾਕੀ ਨਾਲ, ਗੁਰੂਆਂ ਦੇ ਨਾਵਾਂ ਨਾਲ ਵੱਧ ਵਿਆਹਾਂ ਦੇ ਅਤੇ ਕਿਸੇ ਬਦਮਾਸ਼ ਅਜੀਤ ਦੇ ਗੁਰੂ ਦੀ ਸੰਤਾਨ ਹੋਣ ਦੇ ਕੂੜੇ ਕਿੱਸਿਆਂ ਨੂੰ ਸੱਚੇ ਗੁਰੂ ਇਤਿਹਾਸ ਨਾਲ ਜੋੜਨ ਦੇ ਹੋਏ ਗੁਨਾਹ ਨੂੰ ਧੋਂਦਿਆਂ, ਇਸ ਕਿਤਾਬ ਨੂੰ ਗੁਰੂ ਅਪਮਾਨ ਰਹਿਤ, ਅੱਬਲ, ਉਤਮ ਕਰਨਾ ਪਵੇਗਾ। ਨਵੀਂ ਖੋਜ ਸਿਟੇ ਇਹ ਸਿੱਧ ਕਰਦੇ ਹਨ ਕਿ ਗੁਰੂ ਪਰਵਾਰ ਆਪਸ ਵਿਚ ਅਤੇ ਸੰਤ ਭਗਤ ਪਰਵਾਰ ਆਪਸ ਵਿਚ ਗੁਰਮਤਿ ਦੇ ਇਕ ਅਜਿਹੇ ਪਵਿਤ੍ਰ ਕੋਡ ਦੁਆਰਾ ਇਕ ਮੂਰਤ ਸਨ ਕਿ ਕਿਸੇ ਜਨਮ ਵੀ ਕੋਈ ਤੀਜਾ ਹੋ ਹੀ ਨਹੀਂ ਸਕਦਾ ਸੀ ਜੋ ਉਨਾਂ ਦੇ ਗ੍ਰਹਿਸਤੀ ਜੱਤ ਅਤੇ ਸੱਤ ਵੱਲ ਝਾਕ ਵੀ ਸਕਦਾ ਹੁੰਦਾ। ਇਹ ਹੀ ਹੈ ਅਧਾਰ ਜਿਸ ਉਤੇ ਪਵਿਤ੍ਰ ਸਿਖ ਧਰਮ ਅਤੇ ਇਸ ਨੂੰ ਮੰਨਣ ਵਾਲੇ ਪਵਿਤ੍ਰ ਇਨਸਾਨ ਦੀ ਸਿਰਜਣਾਂ ਸੰਭਵ ਹੋ ਸਕੀ ਹੈ। ਇਥੋਂ ਅੱਗੇ ਭਾਰਤ ਦੀ ਅਜਾਦੀ ਤੱਕ ਦੇ, ਇਥੋਂ ਸੰਨ 1984 ਦੇ ਅੰਤ ਤੱਕ ਦੇ ਸਿਖ ਇਤਿਹਾਸ ਦੀ ਕਿਸੇ ਅੱਬਲ, ਉਤਮ ਤੇ ਨਿਰਪੱਖ ਲਿਖਤ ਦੀ ਖੋਜ, ਚੋਣ ਅਤੇ ਜੇ ਇਕ ਨਹੀਂ ਹੈ ਤਾਂ ਇਸ ਦੀ ਤਿਆਰੀ ਗੁਰੂ ਦੀ ਧਰਤ ਦੇ ਗੁਰਸਿਖਾਂ ਜਿਮੇਂ ਹੈ। ਇਸ ਕਾਰਜ ਦੀ ਪੂਰਤੀ ਲਈ ਪੁਸਤਕ 'ਕਿਉਂ ਕੀਤਾਂ ਵੇਸਾਹੁ? ' ਲੇਖਿਕ ਭਾਈ ਨਰੈਣ ਸਿੰਘ, ਸਹਾਇਤਾ ਲਈ ਲੈ ਸਕਦੇ ਹਾਂ। ਇਥੋਂ ਤੱਕ ਹੈ ਲੋੜੀਦਾ ਸਿਖ ਧਰਮ ਅਤੇ ਇਸ ਨੂੰ ਮੰਨਣ ਵਾਲੇ ਖਾਲਸਾ ਪੰਥ ਵੱਲੋਂ ਆਪਣੇ ਵਾਰੇ, ਆਪਣੇ ਧਰਮ ਵਾਰੇ ਇਕੋ ਜਾਣਕਾਰੀ ਰੂਪ ਵਿਚ ਇਕੋ ਵਾਰੀ ਆਪਣੇ ਸੰਸਾਰ ਭਾਈ ਅੱਗੇ ਰੱਖਣ ਲਈ।

1985 ਤੋਂ ਹੁਣ ਤੱਕ ਦੇ ਪੰਥ ਨਾਲ ਵਾਪਰੇ ਸੱਚ ਨੂੰ ਇਕ ਦਸਤਾਵੇਜ਼ ਦੇ ਰੂਪ ਵਿਚ ਤਿਆਰ ਕਰਨ ਦੇ ਸਮਰੱਥ, ਪੰਜਾਬ ਦੇ ਮਨੁਖੀ ਅਧਿਕਾਰ ਸੰਗਠਨ ਹੋਣਗੇ ਹੀ। ਇਸ ਲਈ ਉਨਾਂ ਨੂੰ ਬਾਕੀ ਉਦਮੀ ਸਿੰਘਾਂ ਨਾਲ ਮਿਲਕੇ ਇਹ ਕਾਰਜ ਆਪਣੇ ਜਿਮੇ ਲੈਣਾਂ ਚਾਹੀਦਾ ਹੈ। ਤਾਂ ਜੋ ਆਪਾਂ ਇਸ ਸਮੇਂ ਵਿਚਕਾਰ ਖਾਲਸਾ ਪੰਥ ਦੇ ਸੱਚੇ ਸ਼ਹੀਦ ਸੂਰਿਆਂ ਨਾਲ, ਜੋ ਜੂਨ 84 ਨੂੰ ਸ੍ਰੀ ਹਰਿਮੰਦਰ ਸਾਹਿਬ ਉਤੇ ਬਿਪਰਨ ਤਖਤ ਵੱਲੋਂ ਬੋਲੇ ਫੌਜੀ ਧਾਵੇ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋ ਚੁੱਕੇ ਖਾਲਸਾ ਪੰਥ ਲਈ ਆਪਣੇ ਵਤਨ ਦੀ ਆਜਾਦੀ ਦੇ ਸੱਚੇ ਹੁਕਮਨਾਮੇ ਦੀ ਪੂਰਤੀ ਲਈ, ਜਿੰਦਾਂ ਵਾਰਕੇ ਗਏ ਨੇ ਅਤੇ ਜੋ ਬੇਗੁਨਾਹ, ਸਿਖ

ਹੋਣ ਕਰਕੇ ਹੀ ਖਤਰਾ ਜਾਣਦਿਆਂ ਬਿਪਰਨ ਹਕੂਮਤਾਂ ਵਲੋਂ ਤਸੀਹੀਂ ਖਤਮ ਕਰ ਦਿੱਤੇ ਗਏ ਨੇ, ਨਾਲ ਨਿਆਂ ਅਤੇ ਵਫਾ ਨਿਭਾ ਲਈਏ।

ਧਰਮ ਦੇ ਨਾਮ ਉਤੇ ਬਿਪਰਨ ਦੀ ਅਪਾਰਥਾਇਡ, ਇਕ ਮਨੁਖ ਜਾਤੀ ਵਿਚ ਸ਼ਰਮਨਾਕ ਵਰਣ ਵੰਡ ਵਾਰੇ, ਇਨਾਂ ਦੇ ਧਰਮ ਗ੍ਰੰਥਾਂ ਵਿਚ ਨਾ ਹਿੰਦੂਆਂ ਵਾਰੇ ਭਰੀ ਨਫਰਤ ਅਤੇ ਉਨਾਂ ਦੇ ਖਾਤਮੇਂ ਦੀ ਤਾਂਘ ਵਾਰੇ, ਬਹੁਤ ਹੀ ਚੰਗੀ ਤਰਾਂ ਜਾਨਣ ਵਾਲੇ ਅਤੇ ਪੰਥ ਲਈ ਬੜਾ ਦਰਦ ਰੱਖਣ ਵਾਲੇ ਬੇਖੌਫ ਸੇਵਾਦਾਰ ਬਜੁਰਗ ਵਿਦਵਾਨ ਭਾਈ ਬਲਵੰਤ ਸਿੰਘ ਬਹੋੜੂ ਜੀ ਗੁਰੂ ਆਸਰੇ ਪੰਥ ਕੋਲ ਹੈਨ ਹੀ। ਸਾਡੇ ਕੋਲ ਬਿਪਰਨ ਦੇ ਧਰਮ ਗ੍ਰੰਥਾਂ ਵਿਚ ਦਰਜ ਵਾਰੇ ਪਿਆ ਖੋਜ ਪੱਤਰ ਉਨਾਂ ਹਵਾਲੇ ਕਰ ਹੀ ਦੇਵਾਂਗੇ। ਉਸ ਵਿਚ ਰਹਿੰਦਾ ਪਾਕੇ ਇਸ ਦਸਤਾਵੇਜ ਦੀ ਮੁਕੰਲਤਾਂ ਦਾ ਕਾਰਜ ਜੇ ਸੰਭਵ ਹੋਵੇ ਤਾਂ ਇਨਾਂ ਦੇ ਹੱਥ ਕਰਦੇ ਹਾਂ।

ਇਹ ਵੱਡੀ ਖੁਸ਼ੀ ਦੀ ਗੱਲ ਹੈ ਜੋ ਸੱਚੇ ਸਿਖ ਸਾਹਿਤ ਦੀ ਪਕਾਸ਼ਨਾਂ ਦੇ ਸ਼ੁਭ ਕਾਰਜ ਨੂੰ ' ਗੁਰਮਤਿ ਤੱਤ ਟਕਸਾਲ' ਦੇ ਉਦਮੀ ਸਿੰਘ ਸ਼ੁਰੂ ਕਰ ਹੀ ਚੁੱਕੇ ਨੇ। ਇਨਾਂ ਗੁਰੂ ਪਿਆਰਿਆਂ ਦੇ ਨਾਲ, ਹੋਰ ਗੁਰੂ ਪਿਆਰਿਆਂ ਭਾਈ ਗੁਰਤੇਜ ਸਿੰਘ, ਭਾਈ ਬਲਵੰਤ ਸਿੰਘਾਂ ਬਹੋੜੂ, ਇਨਾਂ ਨਾਲ ਗੁਰਮਤਿ ਤੇ ਖੋਜ ਕੇਂਦਰ ' ਪੋ ਸਾਹਿਬ ਸਿੰਘ ਗੁਰਮਤਿ ਟਰੱਸਟ ਪਟਿਆਲਾ ' ਅਤੇ 'ਦੇਸ ਪੰਜਾਬ' ਦੇ ਪ੍ਰਬੰਧਕ ਵੀਰਾਂ ਨੂੰ ਇਹ ਬੇਨਤੀ ਲੈਕੇ ਆਏ ਹਾਂ ਕਿ ਉਹ ਇਕੱਠੇ ਉਪਰ ਅੰਕਤ ਕਾਰਜਾਂ ਅਤੇ ਹੋਰ ਜਿਮੇਂ ਆਉਣ ਵਾਲੇ ਕਾਰਜਾਂ ਦੀ ਅਗਵਾਈ ਨੂੰ ਆਪਣੇਂ ਹੱਥ ਵਿਚ ਲੈਣ ਅਤੇ ਹੋਰ ਜਿਸ ਨੂੰ ਚਾਹਣ ਨਾਲ ਲੈਕੇ ਇਕ ਮਜਬੂਤ ਅਗਵਾਈ ਨਾਲ ਪੰਥਕ ਕਾਰਜਾਂ ਨੂੰ ਅਤੇ ਗੁਰਸਿਖ ਪੰਥ ਨੂੰ ਸਫਲਤਾ ਵੱਲ ਤੋਰਨ।

ਇਸ ਅਗਵਾਈ ਨੂੰ ਇਹ ਵੀ ਬੇਨਤੀ ਹੈ ਕਿ ਉਹ ਪੰਥ ਦੇ ਨਾ ਤੇ ਪੰਥਕ ਕਾਰਜਾਂ ਲਈ ਇਕ ਖਾਤੇ -ਦੇਗ ਦਾ ਐਲਾਨ ਕਰਨ ਜਿਸ ਵਿਚ ਸੱਚੇ ਸਹਿਤ ਦੀ ਤਿਆਰੀ ਲਈ ਕੁਝ ਵੀਰਾਂ ਵਲੋਂ ਕੀਤਾ ਤਿਲਫੁਲ ਪਾਇਆ ਜਾ ਸਕੇ ਅਤੇ ਜਿਸ ਵਿਚ ਹੋਰ ਉਦਮੀਂ ਸੰਗਤਾਂ ਵੀ ਜੇ ਚਾਹੁੰਣ ਤਾਂ ਦਸਵੰਧ ਜਾਂ ਕੋਈ ਦਸਵੱਧ ਹਿੱਸਾ ਪਾ ਸਕਣ।

ਖਾਲਸਾ ਜੀ ਕਰਤੇ ਦੇ ਸੱਚ ਗਿਆਨ ਨੂੰ ਪਾ ਲੈਣ ਦਾ ਮਤਲਬ, ਅਕੱਥ ਗੁਰਬਾਣੀ- ਸੱਚ ਵਿਚੋਂ ਸੰਸਾਰ ਦੇ ਇਨਸਾਨ ਲਈ ਰੱਖੇ ਕੁਝ ਸਾਂਝੇ ਕੱਥ ਨੂੰ ਮੁੰਢਲੇ ਰੂਪ ਵਿਚ ਗੁਰੂ ਆਸਰੇ ਸਮਝ ਜਾਣਾਂ ਹੈ। ਜੋ ਪ੍ਰਤੀਕ ਵਜੋਂ ਨਿਰਾਕਾਰ ਕਰਤੇ ਦੇ ਸਿਰਫ ਚਰਨ-ਕਮਲਾਂ ਤੱਕ ਹੀ ਚੱਲ, ਸਰਗੁਣ ਜਾਂ ਕਿਰਿਆਤਮਕ ਸ਼ਕਤੀ ਸਰੂਪ ਦਾ ਅਕੱਥ ਬਖਿਆਨ ਹੈ।

**ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥ ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥** (ਪੰਨਾ 918)

ਇਸ ਅਕੱਥ ਗੁਰਬਾਣੀ ਸੱਚ ਵਿਚੋਂ ਆਪਾਂ ਲਈ ਕਰਤਾ ਕੀਤੀ ਕੱਥ ਕਹਾਣੀ ਨੂੰ ਸਮਝ ਲੈਣ ਦਾ ਮਤਲਬ ਇਹ ਨਹੀਂ ਕਿ ਕਿਸੇ ਵੱਲੋਂ ਅਗਮ, ਅਪਾਰ, ਅਥਾਹ, ਬੇਅੰਤ, ਅਟੋਲ, ਅਸੀਮ, ਸੱਚ ਨਿਰਾਕਾਰ ਰੱਬ ਸ਼ਕਤੀ ਦੇ ਅੰਤ ਨੂੰ, ਇਸ ਦੇ ਗੁਣਾਂ ਦੇ ਅੰਤ ਨੂੰ ਜਾਂ ਇਸ ਦੀ ਸਾਜੀ ਸਰਿਸ਼ਟੀ ਦੇ ਅੰਤ ਨੂੰ ਜਾਣ ਲੈਣਾਂ ਹੈ। ਨਾ ਇਹ ਕਿ ਕਰਤਾ ਕਦੋਂ ਦਾ ਹੈ ਅਤੇ ਨਾ ਹੀ ਇਸ ਅਗਮ, ਅਪਾਰ, ਅਥਾਹ, ਬੇਅੰਤ, ਅਟੋਲ, ਅਸੀਮ, ਦੇ ਅੰਤ ਨੂੰ ਜਾਣ ਸਕਣ ਵਾਲਾ ਕਦੇ ਕੋਈ ਪੈਦਾ ਹੋਇਆ ਹੈ ਅਤੇ ਨਾ ਹੀ ਕਦੇ ਪੈਦਾ ਹੋ ਹੀ ਸਕਦਾ ਹੈ। ਭਾਵੇਂ ਅਜੇਹੇ ਫੋਕੇ ਦਾਹਵੇ ਕਰਨ ਵਾਲੇ ਕੁਝ ਨਿਰਾਕਾਰ ਰੱਬ ਦੇ ਸ਼ਰੀਕ ਬਣਨ ਵਾਲੇ ਵੀ ਪੈਦਾ ਹੁੰਦੇ ਆਏ ਨੇ।

**ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥**
**ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥** (ਪੰਨਾ 1403)
**ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥**
**ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥** (ਪੰਨਾ 10)
**ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥ ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥**
**ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥** (ਪੰਨਾ 49)
**ਤੂੰਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ ॥ ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥**
**ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥** (ਪੰਨਾ 55)
**ਜੋਗੀ ਅੰਦਰਿ ਜੋਗੀਆ ॥ ਤੂੰ ਭੋਗੀ ਅੰਦਰਿ ਭੋਗੀਆ ॥**
**ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ ॥** (ਪੰਨਾ 71)
**ਸਚੇ ਅੰਤੁ ਨ ਜਾਣੈ ਕੋਈ ॥ ਥਾਨਿ ਥਨੰਤਰਿ ਸਚਾ ਸੋਈ ॥** (ਪੰਨਾ 107)
**ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥ ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥** (ਪੰਨਾ 113)

ਸਸੁਰੈ ਪੇਈਐ ਤਿਸੁ ਕੰਤ ਕੀ ਵਡਾ ਜਿਸੁ ਪਰਵਾਰੁ ॥ ਊਚਾ ਅਗਮ ਅਗਾਧਿ ਬੋਧ ਕਿਛੁ ਅੰਤੁ ਨ ਪਾਰਾਵਾਰੁ ॥ (ਪੰਨਾ 137)
ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ ॥ ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥ (ਪੰਨਾ 148)
ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥ ਅੰਤੁ ਨਾਹੀ ਕਿਛੁ ਪਾਰਾਵਾਰੁ ॥ (ਪੰਨਾ 178)
ਪਾਰਬ੍ਰਹਮ ਕਾ ਅੰਤੁ ਨ ਪਾਰੁ ॥ ਕਉਣੁ ਕਰੈ ਤਾ ਕਾ ਬੀਚਾਰੁ ॥ (ਪੰਨਾ 237)
ਖੋਜਤ ਫਿਰੇ ਅਸੰਖ ਅੰਤੁ ਨ ਪਾਰੀਆ ॥ ਸੇਈ ਹੋਏ ਭਗਤ ਜਿਨਾ ਕਿਰਪਾਰੀਆ ॥ (ਪੰਨਾ 240)
ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥ (ਪੰਨਾ 268)
ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥ (ਪੰਨਾ 276)
ਪ੍ਰਭੁ ਬੇਅੰਤੁ ਕਿਛੁ ਅੰਤੁ ਨਾਹਿ ਸਭੁ ਤਿਸੈ ਕਰਣਾ ॥ ਅਗਮ ਅਗੋਚਰੁ ਸਾਹਿਬੋ ਜੀਆਂ ਕਾ ਪਰਣਾ ॥ (ਪੰਨਾ 323)
ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥ (ਪੰਨਾ 327)
ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ ॥ ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ ॥ (ਪੰਨਾ 396)
ਕੇਤਾ ਆਖਣੁ ਆਖੀਐ ਤਾ ਕੇ ਅੰਤ ਨ ਜਾਣਾ ॥ ਮੈ ਨਿਧਰਿਆ ਧਰ ਏਕ ਤੂੰ ਮੈ ਤਾਣੁ ਸਤਾਣਾ ॥ (ਪੰਨਾ 421)
ਘਟ ਅੰਤਰਿ ਪਾਰਬ੍ਰਹਮੁ ਪਰਮੇਸਰੁ ਤਾ ਕਾ ਅੰਤੁ ਨ ਪਾਇਆ ॥
ਤਿਸੁ ਰੂਪੁ ਨ ਰੇਖ ਅਦਿਸਟੁ ਅਗੋਚਰੁ ਗੁਰਮੁਖਿ ਅਲਖੁ ਲਖਾਇਆ ॥ (ਪੰਨਾ 448)
ਸਨਕ ਸਨੰਦ ਅੰਤੁ ਨਹੀ ਪਾਇਆ ॥ ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥ (ਪੰਨਾ 478)
ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥
ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥ (ਪੰਨਾ 495)
ਅਗਮ ਅਗੋਚਰ ਬੇਅੰਤ ਅੰਤੁ ਨ ਪਾਈਐ ॥ ਜਿਸ ਨੋ ਹੋਹਿ ਕ੍ਰਿਪਾਲੁ ਸੁ ਨਾਮੁ ਧਿਆਈਐ ॥ (ਪੰਨਾ 521)
ਸਮਰਥ ਅਥਾਹ ਬਡਾ ਪ੍ਰਭੁ ਮੇਰਾ ॥ ਘਟ ਘਟ ਅੰਤਰਿ ਸਾਹਿਬੁ ਨੇਰਾ ॥
ਤਾਕੀ ਸਰਨਿ ਆਸਰ ਪ੍ਰਭ ਨਾਨਕ ਜਾ ਕਾ ਅੰਤੁ ਨ ਪਾਰਾਵਾਰ ॥ (ਪੰਨਾ 535)
ਥਾਨ ਥਨੰਤਰਿ ਰਵਿ ਰਹਿਆ ਮੇਰੀ ਜਿੰਦੁੜੀਏ ਪਾਰਬ੍ਰਹਮੁ ਪ੍ਰਭੁ ਦਾਤਾ ਰਾਮ ॥
ਤਾ ਕਾ ਅੰਤੁ ਨ ਪਾਈਐ ਮੇਰੀ ਜਿੰਦੁੜੀਏ ਪੂਰਨ ਪੁਰਖੁ ਬਿਧਾਤਾ ਰਾਮ ॥ (ਪੰਨਾ 541)
ਅੰਤੁ ਤੇਰਾ ਤੂੰਹੈ ਜਾਣਹਿ ਤੂੰ ਸਭ ਮਹਿ ਰਹਿਆ ਸਮਾਏ ॥
ਸਚੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਵਰਤੈ ਧਰਮ ਨਿਆਏ ॥ (ਪੰਨਾ 542)
ਜਿਹਵਾ ਏਕ ਕਵਨ ਗੁਨ ਕਹੀਐ ॥ ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥ (ਪੰਨਾ 674)
ਕਰਨਹਾਰੁ ਰਖਵਾਲਾ ਹੋਆ ਜਾ ਕਾ ਅੰਤੁ ਨ ਪਾਰਾਵਾਰ ॥
ਨਾਨਕ ਦਾਸ ਰਖੇ ਪ੍ਰਭਿ ਅਪੁਨੈ ਨਿੰਦਕ ਕਾਢੇ ਮਾਰਿ ॥ (ਪੰਨਾ 683)
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥ ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥ (ਪੰਨਾ 731)
ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥
ਤਿਨ੍ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥ (ਪੰਨਾ 747)
ਤਾ ਕਾ ਅੰਤੁ ਨ ਪਾਈਐ ਊਚਾ ਅਗਮ ਅਪਾਰੁ ਜੀਉ ॥
ਜਿਸੁ ਪ੍ਰਭੁ ਅਪਣਾ ਵਿਸਰੈ ਸੋ ਮਰਿ ਜੰਮੈ ਲਖ ਵਾਰ ਜੀਉ ॥ (ਪੰਨਾ 761)
ਆਪੇ ਆਪਿ ਉਪਾਇਅਨੁ ਆਪਿ ਕੀਮਤਿ ਪਾਈ ॥ ਤਿਸ ਦਾ ਅੰਤੁ ਨ ਜਾਪਈ ਗੁਰ ਸਬਦਿ ਬੁਝਾਈ ॥ (ਪੰਨਾ 786)
ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥ (ਪੰਨਾ 795)
ਸਰਨਿ ਪਰੇ ਪ੍ਰਭ ਤੇਰੀਆ ਪ੍ਰਭ ਕੀ ਵਡਿਆਈ ॥ ਨਾਨਕ ਅੰਤੁ ਨ ਪਾਈਐ ਬੇਅੰਤ ਗੁਸਾਈ ॥ (ਪੰਨਾ 816)
ਜਾ ਕਾ ਅੰਤੁ ਨ ਜਾਨਸਿ ਕੋਇ ॥ ਆਪੇ ਆਪਿ ਨਿਰੰਜਨੁ ਸੋਇ ॥ ਆਪਿ ਅਕਾਰੁ ਆਪਿ ਨਿਰੰਕਾਰੁ ॥
ਘਟ ਘਟ ਘਟਿ ਸਭ ਘਟ ਆਧਾਰੁ ॥ (ਪੰਨਾ 863)

ਤਾ ਕਾ ਅੰਤੁ ਨ ਪਾਰਾਵਾਰੁ ॥ ਆਪੇ ਗੁਪਤੁ ਆਪੇ ਪਾਸਾਰੁ ॥ (ਪੰਨਾ 889)
ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥ ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥ (ਪੰਨਾ 894)
ਅਗਮ ਅਗੋਚਰਾ ਤੇਰਾ ਅਮਤੁ ਨ ਪਾਇਆ ॥ ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥ ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥ ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥ ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥ (ਪੰਨਾ 918)
ਜਹ ਦੇਖਾ ਤਹ ਏਕੁ ਤੂ ਅੰਤੁ ਨ ਪਾਰਾਵਾਰੁ ॥ ਥਾਨ ਥਨੰਤਰਿ ਰਵਿ ਰਹਿਆ ਗੁਰ ਸਬਦੀ ਵੀਚਾਰਿ ॥ (ਪੰਨਾ 934)
ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ ॥ ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ ॥ (ਪੰਨਾ 936)
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥
ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥ (ਪੰਨਾ 968)
ਕਹਿ ਕਬੀਰ ਜਾ ਕਾ ਨਹੀ ਅੰਤੁ ॥ ਤਿਸ ਕੇ ਆਗੇ ਤੰਤੁ ਨ ਮੰਤੁ ॥ (ਪੰਨਾ 971)
ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ (ਪੰਨਾ 1036)
ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥ ਮੂਰਖੁ ਅੰਧਾ ਤਤੁ ਨ ਪਛਾਣੈ ॥
ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ ॥ (ਪੰਨਾ 1061)
ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ ਅੰਤੁ ਨ ਜਾਨੈ ॥ (ਪੰਨਾ 1083)
ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥ ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥ (ਪੰਨਾ 1094)
ਅਗਮੁ ਅਗੋਚਰੁ ਮਿਤਿ ਨਹੀ ਪਾਈਐ ਸਗਲ ਘਟਾ ਆਧਾਰੁ ॥
ਨਾਨਕ ਵਾਹੁ ਵਾਹੁ ਕਹੁ ਤਾ ਕਉ ਜਾ ਕਾ ਅੰਤੁ ਨ ਪਾਰੁ ॥ (ਪੰਨਾ 1221)
ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ ॥ ਗੁਰਮੁਖਿ ਨਾਨਕ ਨਾਮੁ ਪਛਾਣਿਆ ॥ (ਪੰਨਾ 1237)
ਨਾਨਕ ਆਪਿ ਸਦੀਵ ਹੈ ਪੂਰਾ ਜਿਸੁ ਭੰਡਾਰੁ ॥ ਵਡਾ ਕਰਿ ਸਾਲਾਹੀਐ ਅੰਤੁ ਨ ਪਾਰਾਵਾਰੁ ॥ (ਪੰਨਾ 1239)
ਅੰਤੁ ਨ ਪਾਰਾਵਾਰੁ ਨ ਕਿਨ ਹੀ ਪਾਇਆ ॥ ਸਭੁ ਜਗੁ ਗਰਬਿ ਗੁਬਾਰੁ ਤਿਨ ਸਚੁ ਨ ਭਾਇਆ ॥ (ਪੰਨਾ 1289)
ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥
ਸਚਾ ਸਬਦੁ ਵੀਚਾਰਿ ਸੇ ਤੁਝ ਹੀ ਮਾਹਿ ਸਮਾਇਆ ॥ (ਪੰਨਾ 1290)
ਨਿਰਗੁਣੀਆਰੇ ਕਉ ਬਖਸਿ ਲੈ ਸੁਆਮੀ ਆਪੇ ਲੈਹੁ ਮਿਲਾਈ ॥
ਤੂ ਬਿਅੰਤੁ ਤੇਰਾ ਅੰਤੁ ਨ ਪਾਇਆ ਸਬਦੇ ਦੇਹੁ ਬੁਝਾਈ ॥ (ਪੰਨਾ 1333)
ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ ॥ ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ ॥ (ਪੰਨਾ 1386)
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ (ਪੰਨਾ 1421)

ਸੋ ਗੁਰਬਾਣੀ ਵਿਚ ਇਨਸਾਨ ਦੇ ਗਿਆਨ ਲਈ ਦਰਜ ਸੱਚ ਨੂੰ ਗੁਰੂ ਬਖਸ਼ਿਸ਼ ਸਮਝ ਲੈਣ ਦਾ ਮਤਲਬ ਕੋਈ ਗੁਰੂ ਦੁਆਰਾ ਕਰਤੇ ਦੀ ਅਨਮੋਲ ਅਤੇ ਸੱਭ ਤੋਂ ਉਤਮ ਦਾਤ ਨਾਮ ਦੀ ਬਖਸ਼ਿਸ ਹੋ ਜਾਣਾਂ ਨਹੀ ਹੈ। ਹਾਂ ਸਤਿਗੁਰ ਹੱਥ ਇਸ ਸਿਖਰ ਅਨਮੋਲ ਦਾਤ ਦੀ ਬਖਸ਼ਿਸ਼ ਲਈ ਗਿਆਨ ਅਮਲੀ ਜੀਵਨ ਦਾ ਅਧਾਰ ਜਰੂਰ ਹੈ।

ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਸੇ ਜਨ ਜਾਗੇ ਜਿਨ ਨਾਮ ਪਿਆਰਿ ॥ (ਪੰਨਾ 160)
ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥ ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥ ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥ (ਪੰਨਾ 163)
ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ ॥ ਸਾ ਸਭਰਾਈ ਸੁੰਦਰੀ ਪਿਰ ਕੈ ਹੇਤਿ ਪਿਆਰਿ ॥ (ਪੰਨਾ 426)
ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ ॥
ਜਿਸ ਨੋ ਕਰਮੁ ਹੋਵੈ ਧੁਰਿ ਪੂਰਾ ਤਿਨਿ ਗੁਰਮੁਖਿ ਹਰਿ ਨਾਮੁ ਧਿਆਇਆ ॥ (ਪੰਨਾ 512)

ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥
ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥ (ਪੰਨਾ 783)
ਉਪਜਿਓ ਗਿਆਨੁ ਹੂਆ ਪਰਗਾਸ ॥ ਕਰਿ ਕਿਰਪਾ ਲੀਨੇ ਕੀਟ ਦਾਸ ॥
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥ ਜਪਿ ਮੁਕੰਦ ਸੇਵਾ ਤਾਹੂ ਕੀ ॥ (ਪੰਨਾ 875)
ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ ਸਤਿਗੁਰੁ ਸੇਵੀ ਅਵਰੁ ਨ ਦੂਜਾ ॥
ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥ (ਪੰਨਾ 1069)
ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥ (ਪੰਨਾ 1167)
ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥ ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥ (ਪੰਨਾ 1243-1244)
ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥ ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ ॥
ਪੂਰੈ ਗਿਆਨਿ ਧਿਆਨਿ ਮੈਲੁ ਚੁਕਾਇਆ ॥ ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ ॥ (ਪੰਨਾ 1286)
ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥
ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ ॥ (ਪੰਨਾ 1325)

ਗੁਰਸਿਖ ਦਾ ਤੇ ਪਹਿਲੋਂ ਹੀ ਆਪਣਾਂ ਕੁਝ ਨਹੀਂ। ਗਿਆਨ ਧਿਆਨ ਅਤੇ ਗੁਰੂ ਭਾਏ ਕਰਮ ਵੀ ਗੁਰਸਿਖ ਆਪਣੇ ਨਹੀਂ ਗਿਣਦਾ। ਸਤਿਗੁਰੂ ਵਲੋਂ ਰੱਖੀ ਉਸ ਦੀ ਲਾਜ ਪੱਤ ਦੀ ਬਖਸ਼ਿਸ਼ ਗਿਣਦਾ ਹੈ।

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥ (ਪੰਨਾ 750)
ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ ॥
ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ ॥ (ਪੰਨਾ 833)

ਗੁਰੂ ਜੋ ਆਪਾਂ ਨੂੰ ਕਰਤੇ ਦਾ ਹੁਕਮ ਤੇ ਰਜਾ, ਨਜ਼ਰ ਕੀਤਾ, ਆਪਾਂ ਨਿਭਾਣਾਂ ਹੈ। ਜੋ ਰਹਿ ਜਾਵੇਗਾ ਉਸ ਨੂੰ ਪੂਰਨ ਕਰਨ ਲਈ ਪੂਰਨ ਗੁਰੂ ਹੁਕਮਾਂ ਦਾ ਹੋਇਆ ਗਿਆਨ ਅਤੇ ਨਾਮ ਪ੍ਰਾਪਤ ਭਵਿਖ ਵਿਚ ਪੈਦਾ ਹੋਣ ਵਾਲਾ ਇਨਸਾਨ ਗੁਰਸਿਖ ਸੰਤ, ਭਗਤ, ਸੂਰਾ ਖਾਲਸਾ ਜਰੂਰ ਪੂਰਾ ਕਰੇਗਾ।

ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥ (ਪੰਨਾ 24)
ਨਾਵੈ ਜੇਵਡ ਹੋਰ ਦਾਤਿ ਨਾਹੀ ਤਿਸੁ ਰੂਪੁ ਨ ਰਿਖਿਆ ॥ ਨਾਮੁ ਅਖੁਟੁ ਨਿਧਾਨੁ ਹੈ ਗੁਰਮੁਖਿ ਮਨਿ ਵਸਿਆ ॥ (ਪੰਨਾ 787)
ਕਰਮ ਧਰਮ ਪ੍ਰਭਿ ਮੇਰੈ ਕੀਏ ॥ ਨਾਮੁ ਵਡਾਈ ਸਿਰਿ ਕਰਮਾਂ ਕੀਏ ॥ (ਪੰਨਾ 1345)
ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥ ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥ (ਪੰਨਾ 1096)
ਨਾਮੁ ਧਨੁ ਨਾਮੋ ਰੂਪੁ ਰੰਗੁ ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥ (ਪੰਨਾ 286)

ਯਾਦ ਰਹੇ ਸੰਸਾਰ ਦੇ ਇਨਸਾਨ ਨੂੰ ਕਿ ਜਿਸ ਦਰ ਘਰ ਪੂਰਨ ਗੁਰੂ ਦੁਆਰਾ ਪੂਰਨ ਮਨੁੱਖੀ ਜੀਵਨ ਜਾਚ ਦਾ ਪੂਰਨ ਰਾਹ ਬਖਿਆਨ ਹੋਵੇਗਾ ਸਿਰਫ ਤੇ ਸਿਰਫ ਉਸ ਦਰੋਂ ਘਰੋਂ ਹੀ ਕਦੇ ਪੂਰਨ ਗੁਰੂ ਹੁਕਮ ਕਰਮਾਂ ਦੁਆਰਾ ਕਿਸੇ ਪੂਰਨ ਪੁਰਖ-ਕਿਰਦਾਰ ਇਨਸਾਨ ਦੇ ਪੈਦਾ ਹੋਣ ਦੀ ਆਸ ਹੋ ਸਕਦੀ ਹੈ।

9 ਅਪਰੈਲ 2008 ਦੀਆਂ ਅਖਬਾਰਾਂ ਮੁਤਾਬਕ ਇੰਗਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਟੋਨੀ ਬਲੇਅਰ ਵਲੋਂ ਇਹ ਐਲਾਨ ਕੀਤਾ ਹੈ ਕਿ ਉਹ ਸਿਆਸਤ ਤੋਂ ਸਨਿਆਸ ਲੈਕੇ ਆਪਣੀ ਜਿੰਦਗੀ ਦਾ ਬਾਕੀ ਸਮਾਂ ਸੰਸਾਰ ਧਰਮਾਂ ਦੇ ਪੈਰੋਕਾਰਾਂ ਵਿਚ ਆਪਸੀ ਵਿਚਾਰ ਵਟਾਂਤਰੇ ਲਈ ਸੱਦ ਭਾਵਨਾਂ ਦਾ ਮਹੌਲ ਅਤੇ ਇਕ ਮੰਚ ਤਿਆਰ ਕਰਨ ਲਈ ਅਤੇ ਸਭ ਦੀ ਸਹਿਮਤੀ ਨਾਲ ਸੰਸਾਰ ਦੇ ਇਸਾਈਆਂ, ਯਹੂਦੀਆਂ, ਮੁਸਲਮਾਨਾਂ, ਹਿੰਦੂਆਂ, ਸਿਖਾਂ ਅਤੇ ਬੋਧੀਆਂ ਲਈ ਇਕ ਸਾਂਝੀ ਸਿਖਿਆ ਪੁਸਤਕ ਨੂੰ ਤਿਆਰ ਕਰਵਾਣ ਲਈ ਸਮੱਰਪਤ ਕਰਨਗੇ। ਸੋ ਖਾਲਸਾ ਜੀ ਹੁਣ ਆਪਾਂ ਲਈ ਹੋਰ ਵੀ ਜਰੂਰੀ ਅਤੇ ਜਲਦੀ ਹੋ ਗਿਆ ਹੈ ਕਿ ਸੰਸਾਰਕ ਭਾਈਚਾਰੇ ਨਾਲ ਆਪਣੇ ਧਰਮ ਦੀ ਜਾਣ ਪਹਿਚਾਣ ਕਰਵਾਣ ਲਈ ਜੋ ਜਰੂਰੀ ਹੁਣ ਤੱਕ ਥੁੜਦਾ ਹੈ ਉਸ ਨੂੰ ਘੱਟੋਘੱਟ ਇਕ ਵਦੇਸ਼ੀ ਜੁਬਾਨ ਵਿਚ ਪੰਥ ਦੇ ਕੋਲ ਕਰੀਏ।

ਇਹ ਗੁਰਮਤਿ ਦਰ ਘਰ ਹੀ ਹੈ ਜੋ ਕਰਤੇ ਦੇ ਹੁਕਮੀ ਉਸ ਦੀ ਬੁਧ ਦੇ ਸੱਚ ਸਰੂਪ ਨੂੰ ਸੰਸਾਰ ਉਤੇ ਬੇਖੌਫ ਪ੍ਰਗਟਾਣ ਵਾਲਾ ਹੁੰਦਿਆਂ ਵੀ ਵੱਡੇ ਹੋਣ ਦਾ ਕੋਈ ਦਾਹਵਾ ਨਹੀਂ ਜਿਤਾਂਦਾ ਸਗੋਂ ਜਿਸ ਦਰ, ਜਿਸ ਘਰ ਪੂਰਨ ਸੱਚ ਹੋਵੇਗਾ ਕੁਦਰਤ ਅਨੁਸਾਰ ਉਸ ਦਾ ਆਪਣੇ ਆਪ ਉਭਾਰ ਸਾਹਮਣੇ ਆ ਜਾਣ ਦੀ ਭਵਿਖਬਾਣੀ ਕਰਦਾ ਹੈ।

**ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ ॥ ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ ॥**

**ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ ॥ ਨਾਨਕ ਕਾ ਪ੍ਰਭੁ ਵਡਾ ਹੈ ਆਪਿ ਸਾਜਿ ਸਵਾਰੇ ॥** (ਪੰਨਾ 323)

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥** (ਪੰਨਾ 853)

**ਹਰਿ ਰਖੇ ਸੇ ਉਬਰੇ ਸਬਦਿ ਰਹੇ ਲਿਵ ਲਾਇ ॥**

**ਨਾਨਕ ਕਰਤਾ ਸਭ ਕਿਛੁ ਜਾਣਦਾ ਜਿਨਿ ਰਖੀ ਬਣਤ ਬਣਾਇ ॥** (ਪੰਨਾ 1417)

**ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥**

**ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥** (ਪੰਨਾ 133)

**ਸੁਖੀ ਬਸੈ ਮੇਰੋ ਪਰਿਵਾਰਾ ॥ ਸੇਵਕ ਸਿਖ ਸਭੈ ਕਰਤਾਰਾ ॥** (ਚੌਪਈ ਪਾ: ੧੦)

ਇਹ ਗੁਰਮਤਿ ਦਰ, ਘਰ ਸੱਭ ਨੂੰ ਇਕ ਪਿਤਾ ਪਰਮੇਸ਼ਰ, ਅੱਲਾ, ਰੱਬ ਦੀ ਸੰਤਾਨ ਇਕ ਪਰਵਾਰ ਅਤੇ ਇਸ ਵਿਚ ਚੰਗਾ ਮੰਦਾ ਇਸੇ ਰਬ ਕਰਤੇ ਦਾ ਖੇਲ ਜਾਣਦਾ ਹੈ। ਇਹ ਹੀ ਰਬ ਅੱਲਾ ਕਰਤਾ ਗੁਰੂ ਹੋਇਆ ਇਸ ਆਪਣੀ ਸ਼ੁਰੂ ਖੇਲ ਵਿਚ ਆਪਣੇ ਗੁਰਸਿਖ ਲਈ ਹੁਕਮ ਅਤੇ ਰਜਾ ਦੇ ਕਰਮ ਨੂੰ ਨਿਸਚਿਤ ਨਿਸ਼ਾਨ ਕਰਦਾ ਹੈ ਅਤੇ ਗੁਰਸਿਖ ਬਿਨਾਂ ਕਿਸੇ ਮੰਦੇ, ਮਾੜੇ ਨੂੰ ਨਫਰਤ, ਆਪਣੇ ਲਈ ਨੀਅਤ ਕਰਮ ਨੂੰ ਕਰਤੇ ਦੇ ਭਾਣੇ ਵਜੋਂ ਨਿਭਾਦਾ ਹੈ।

**ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥** (ਪੰਨਾ 1142)

**ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥ ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥** (ਪੰਨਾ 1406)

ਖਾਲਸਾ ਜੀ ਅਪਰੈਲ ਦੇ ਸ਼ੁਰੂ ਵਿਚ ਗੁਰਮਤਿ ਤੇ ਸ਼ੁਰੂ ਖੋਜ ਕਾਰਜ ਦੀ ਸਮਾਪਤੀ ਲਈ ਇਕ ਪੁਰਾਤਨ ਸ਼ਹੀਦ ਵਾਰੇ ਨੇੜਲੀ ਜਾਣਕਾਰੀ ਦੀ ਜਰੂਰਤ ਸੀ। ਪਰ ਖੋਜ ਦੇ ਸਿਟੇ ਸਪਸ਼ਟ ਇਸ਼ਾਰਾ ਕਰਦੇ ਸਨ ਕਿ ਇਹ ਸਬੰਧ ਕਿਨਾਂ ਨਾਲ ਜੁੜਦਾ ਹੈ। ਗੁਰੂਆਂ ਦੀ ਧਰਤ ਤੋਂ 12 ਅਪਰੈਲ ਨੂੰ ਉਸ ਪੁਰਾਤਨ ਸ਼ਹੀਦ ਵਾਰੇ ਜਦ ਜਾਣਕਾਰੀ ਮਿਲਦੀ ਹੈ ਤਾਂ ਉਹ ਬਿਲਕੁਲ ਨਿਕਲੇ ਖੋਜ ਸਿਟੇ ਦੇ ਅਨਕੂਲ ਸਿਧ ਹੁੰਦੀ ਹੈ।

ਸੋ ਖਾਲਸਾ ਜੀ ਗੁਰੂ ਆਸਰੇ ਬਖਸ਼ਣਹਾਰ ਕਰਤਾਪੁਰਖ ਦੇ ਹੁਕਮ ਰਜਾ ਉਤੇ ਉਸ ਦੀ ਇਹ ਕੱਠਪਤਲੀ ਇਨਸਾਨ, ਪਵਿਤ੍ਰ ਵਸਾਖੀ ਦੇ 209ਵੇਂ ਯਾਦ ਦਿਹਾੜੇ 14 ਅਪਰੈਲ 2004 ਨੂੰ ਗੁਰਮਤਿ ਤੇ ਸ਼ੁਰੂ ਖੋਜ ਕਾਰਜ ਦੀ ਨਿਰਵਿਖਨ ਸਮਾਪਤੀ ਦੇ ਸ਼ੁਕਰਾਨੇ ਦੀ ਗੁਰੂ ਅੱਗੇ ਅਰਦਾਸ ਕਰਦਾ ਹੈ ਅਤੇ ਗੁਰਮਤਿ ਖੋਜ ਸਿਟਿਆਂ ਨੂੰ ਗੁਰਸਿਖ ਖਾਲਸਾ ਪੰਥ ਦੇ ਸਹਾਰੇ, ਗੁਰੂ ਸਹਾਰੇ ਕਰਤਾ ਪੁਰਖ ਸਹਾਰੇ, ਜੇ ਉਸ ਨੂੰ ਮਨਜੂਰ ਹੈ ਤਾਂ ਸੰਨ 2011 ਤੱਕ ਕਲਮਬੰਦ ਕਰਨ ਲਈ ਸਮਾਂ ਨੀਅਤ ਕਰਦਾ ਹੈ।

**ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥**

**ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥** (ਪੰਨਾ 716)

**ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ ॥ ਕਿਆ ਮੁਹੁ ਲੈ ਬੋਲਹ ਗੁਣ ਬਿਹੂਨ ਨਾਮੁ ਜਪਿਆ ਨ ਤੇਰਾ ॥**

**ਹਮ ਪਾਪੀ ਸੰਗਿ ਗੁਰ ਉਬਰੇ ਪੁੰਨੁ ਸਤਿਗੁਰ ਕੇਰਾ ॥** (ਪੰਨਾ 167)

ਖਾਲਸਾ ਜੀ ਹਰ ਗੁਰਸਿਖ ਦੇ ਕਰਮ ਸਾਡੇ ਨਾਲੋਂ ਕਿਤੇ ਚੰਗੇ ਹੋਣ ਕਰਕੇ, ਕਰਣੀ ਵਿਚ ਸਾਥੋਂ ਕਿਤੇ ਅੱਗੇ ਹੈ। ਸਭ ਇਨਸਾਨ ਜੀਵ ਜੰਤੂ ਨੂੰ ਇਕ ਕਰਤੇ ਰੱਬ ਦਾ ਪ੍ਰਵਾਰ ਸਮਝਣ ਵਾਲਾ, ਚੰਗਾ ਮੰਦਾ ਕਰਤੇ ਦੀ ਖੇਲ ਜਾਨਣ ਵਾਲਾ, ਆਪਣਾਂ ਸਭ ਕੁਝ ਗੁਰੂ ਦੀ ਇਮਾਨਤ, ਹਮੇਸ਼ਾਂ ਯਾਦ ਰੱਖਣ ਵਾਲਾ ਅਤੇ ਸੱਭ ਤੋਂ ਉਪਰ ਜੂਨ ਚੌਰਾਸੀ ਦੇ ਸ਼ਹੀਦਾਂ ਦੁਆਰਾ ਖਾਲਸੇ ਦੇ ਆਜ਼ਾਦ ਘਰ ਦੀ ਉਸਾਰੀ ਦੇ ਹੁਕਮਨਾਮੇ ਨੂੰ ਸੱਚ ਜਾਣ ਕੇ ਇਸ ਦੀ ਪੂਰਤੀ ਨੂੰ ਆਪਣੇ ਲਈ ਕਰਤੇ ਦਾ ਹੁਕਮ-ਕਰਮ ਕਰ ਲੈਣ ਵਾਲਾ, ਗੁਰੂ ਆਸਰੇ ਕਿਸੇ ਸੇਵਕ ਇਨਸਾਨ ਨਾਲੋਂ ਵੱਧ ਗੁਰੂ ਗਿਆਨ ਅਤੇ ਤੇਜ ਪ੍ਰਤਾਪ ਦੀ ਬਖਸ਼ਿਸ਼ ਦਾ ਪਾਤਰ ਹੋ ਸਕਦਾ ਹੈ।

ਗੁਰੂ ਅਨੁਸਾਰ ਅੱਜ, ਹੋਰ ਸੱਭ ਪੰਥ ਹਿੱਤ ਸੇਵਾਵਾਂ ਤੋਂ ਉਪਰ, ਸਿਖੀ ਸਿਦਕ ਦੀ ਅਡੋਲਤਾ ਅਤੇ ਨਿਰਭੈਤਾ ਨਾਲ ਬਿਪਰਨ ਤਖਤ ਤੋਂ ਪੰਥ ਦੀ ਆਜਾਦੀ ਦਾ ਰਾਗ ਅਲਾਪਣ ਵਾਲਾ ਕੋਈ ਸੂਰਾ ਸਿਖ, ਗੁਰਸਿਖ ਹੀ ਜੰਮ ਦੇ ਮਾਰਗ-ਜੂਨਾਂ ਤੋਂ ਛੁਟਕਾਰਿਆਂ ਲਈ ਤੁਰਿਆ ਹੋ ਸਕਦਾ ਹੈ।

**ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥,**
**ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥** (ਪੰਨਾ 14)
**ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥** (ਪੰਨਾ 142)
**ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥** (ਪੰਨਾ 844)
**ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥** (ਪੰਨਾ 1105)
**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥ ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥** (ਪੰਨਾ 1380)
**ਗੁਰਮੁਖਿ ਸੰਗਤਿ ਸਭੈ ਬਿਚਾਰਹੁ ਵਾਹੁ ਵਾਹੁ ਕਾ ਬਡਾ ਤਮਾਸਾ ॥** (ਪੰਨਾ 1403)

ਦੂਜਿਆਂ ਨੂੰ ਗੁਰੂ ਮੱਤੀਂ ਸਵਾਰਨ ਲਈ ਤੁਰਨ ਵਾਲੇ ਉਹ ਹੀ ਹੋ ਸਕਦੇ ਹਨ ਜਿਨਾਂ ਨੇ ਪਹਿਲੋਂ ਆਪਣੇ ਆਪਨੂੰ , ਆਪਣੇ ਸਮਾਜ ਅਤੇ ਦੇਸ਼ ਨੂੰ ਗੁਰੂ ਮੱਤੀਂ ਸਵਾਰ ਲਿਆ ਹੈ। ਇਸ ਬਿਨਾਂ ਦੂਜਿਆਂ ਲਈ ਗੁਰੂ ਮੱਤਾਂ ਲੈਕੇ ਤੁਰਨਾਂ, ਆਪਣੇ ਲਈ ਕਾਲੇ ਲੇਖ ਹੀ ਲਿਖਣਾਂ ਨਹੀਂ ਸਗੋਂ ਸੰਸਾਰ ਦੇ ਸੱਚੇ ਮਿਹਣੇ ਤਾਹਨਿਆਂ ਨਾਲ ਆਪਣਾਂ ਅਤੇ ਆਪਣੇ ਪੰਥ ਦਾ ਪੱਲਾ ਭਰਨਾਂ ਅਤੇ ਆਪਣੇ ਗੁਰੂ ਦੀ ਤੌਹੀਨ ਕਰਵਾਣਾਂ ਹੈ।

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥** (ਪੰਨਾ 1378)

ਖਾਲਸਾ ਜੀ 1981 ਦੇ ਸ਼ੁਰੂ ਤੱਕ ਪੰਜਾਬ ਹੁੰਦਿਆਂ ਜਾਣੇਂ, ਅਣਜਾਣੇਂ ਕਿਸੇ ਪ੍ਰਾਣੀ ਨਾਲ ਕੋਈ ਵਧੀਕੀ, ਕੋਈ ਅਨਿਆ ਕਰ ਗਿਆ ਹੋਵਾਂ, ਦੋਨੋ ਜੱਥ ਜੋੜਕੇ ਖਿਮਾਂ ਮੰਗਦਾ ਹਾਂ। ਜੂਨ 1984 ਤੋਂ ਅਗਸਤ 2004 ਤੱਕ ਜਥੇਬੰਦਕ ਤੌਰ ਤੇ ਵਿਚਰਦਿਆਂ ਅਤੇ ਇਸ ਮਗਰੋਂ ਹੁਣ ਤੱਕ ਜੇ ਕਿਸੇ ਨਾਲ ਕੋਈ ਅਨਿਆ, ਵਧੀਕੀ ਕਰ ਗਿਆ ਹੋਵਾਂ ਤਾਂ ਜਰੂਰ ਚਿਤਾਰੇ। ਖਿਮਾਂ ਲਈ ਚੱਲਕੇ ਉਨਾਂ ਦੇ ਦਰ ਆਵਾਗਾਂ। ਬਾਕੀ, ਜੇ ਕਿਸੇ ਨੇ ਇਸ ਪ੍ਰਾਣੀ ਦੇ ਗੁਨਾਹਾਂ ਨੂੰ ਗਿਣਨਾਂ ਹੈ ਤਾਂ ਉਦੋਂ ਸ਼ੁਰੂ ਕਰਨਾਂ ਹੈ ਜਦੋਂ ਇਹ ਪ੍ਰਾਣੀ ਸਿਖ ਨਾਮ ਅਤੇ ਸਰੂਪ ਦੁਆਰਾ ਸਿਖ ਹੋਣ ਦਾ ਦਾਹਵਾ ਲੈਕੇ ਸੰਸਾਰ ਉਤੇ ਵਿਚਰ ਰਿਹਾ ਹੋਵੇਗਾ। ਆਖਰੀ ਵਾਰ ਯਾਦ ਲਈ ਕਿ ਧੁਰੋਂ ਬਖਸ਼ਿਸ਼ ਨਾਮ ਨਿਰਮਲ ਸਿੰਘ ਜਾਂ ਪੰਥ ਵਲੋਂ ਬਖਸ਼ਿਸ ਨਾਮ ਬਿਧੀ ਸਿੰਘ ਬੱਬਰ, ਕਰਤੇ ਕੀਤੇ ਇਸ ਪਰਾਣੀ ਦੇ ਅੰਤ ਮੰਜ਼ਿਲ-ਮੁਕਾਮ ਨਾਮ ਨੇ।

ਦਸਵੰਧ ਦੇ ਕਿਸੇ ਹਿੱਸੇ ਦੁਆਰਾ ਗੁਰਮਤਿ ਤੇ ਸੱਚੇ ਸਾਹਿਤ ਦੀ
ਛਪਵਾਈ ਲਈ ਉਦਮ ਕਰਨ ਵਾਲੇ ਵੀਰਾਂ ਦੇ ਅਤੀ ਧੰਨਵਾਦ ਸਹਿਤ
ਗੁਰੂ ਪੰਥ ਦਾ ਦਾਸ
ਐਨ ਕਮਲ-ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ
N. Kamal-Fehrenbach orf Bidhi Singh Babbar
Tel: 06173 67103, Fax: 06173 640321, eMail : ef-nk@t-online.de